
People's Herald

People's Herald



Rs- 160/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

ਪਟਿਆਲਾ



"Equality and Justice"

स्वतंत्रता, समानता, भाईचारा

PATIALA On line paper 05 ਜਨਵਰੀ 2026 ਸੋਮਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

# 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦਾ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ (SIT) ਨੇ ਕੀਤੀ ਛਾਪੇਮਾਰੀ

## ਮੋਬਾਈਲ ਫੋਨ, ਟੈਬਲੇਟ, ਕੰਪਿਊਟਰ ਅਤੇ ਸਟੋਰੇਜ ਡਿਵਾਈਸ ਜ਼ਬਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਜਨਵਰੀ INTERNATIONAL PAPER, 94636 01616 hardipchumber57@gmail.com

ਅੰਮ੍ਰਿਤਸਰ: 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (SIT) ਨੇ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। 14 ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ ਹੈ ਅਤੇ ਮੋਬਾਈਲ ਡਿਵਾਈਸ, ਟੈਬਲੇਟ, ਕੰਪਿਊਟਰ, ਸਹਾਇਕ ਉਪਕਰਣ, ਸਟੋਰੇਜ ਡਿਵਾਈਸ ਅਤੇ ਦੋਸ਼ਪੂਰਨ ਵਿੱਤੀ ਰਿਕਾਰਡ ਤੇ ਦਸਤਾਵੇਜ਼ ਜ਼ਬਤ ਕੀਤੇ ਹਨ।

SIT ਦੇ ਇੱਕ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਪੁਲਿਸ ਸਟੇਸ਼ਨ ਸੀ-ਡਿਵੀਜ਼ਨ, ਕਮਿਸ਼ਨਰੇਟ ਅੰਮ੍ਰਿਤਸਰ ਵਿਖੇ ਦਰਜ ਐਫ.ਆਈ.ਆਰ. (FIR) ਵਿੱਚ ਕੁੱਲ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। 2 ਮੁਲਜ਼ਮਾਂ ਦੀ ਕਥਿਤ ਤੌਰ 'ਤੇ ਮੌਤ ਹੋ ਚੁੱਕੀ ਹੈ ਅਤੇ 14 ਵਿਅਕਤੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਕੇਸ ਵਿੱਚ ਹੁਣ ਤੱਕ ਸਤਿੰਦਰ ਸਿੰਘ ਕੋਹਲੀ ਅਤੇ ਕੰਵਲਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਕੰਵਲਜੀਤ ਸਿੰਘ ਨੂੰ ਕੱਲ੍ਹ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਸਹਾਇਕ ਵਜੋਂ ਕੰਮ ਕਰ ਰਿਹਾ ਸੀ ਅਤੇ ਧਾਰਮਿਕ ਗ੍ਰੰਥਾਂ ਦੀ ਸਾਂਭ-ਸੰਭਾਲ, ਪ੍ਰਬੰਧਨ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਗ੍ਰੰਥਾਂ ਨੂੰ ਤਿਆਰ/ਸਟੋਰ ਕਰਨ ਨਾਲ ਸਬੰਧਤ ਗੰਭੀਰ ਬੇਨਿਯਮੀਆਂ ਵਿੱਚ ਉਸ ਦੀ ਸਿੱਧੀ ਭੂਮਿਕਾ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਪੰਜਾਬ ਅਤੇ ਚੰਡੀਗੜ੍ਹ ਵਿੱਚ 14 ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ ਹੈ, ਜਿਸ ਵਿੱਚ ਚੰਡੀਗੜ੍ਹ ਵਿੱਚ 2, ਅੰਮ੍ਰਿਤਸਰ ਸ਼ਹਿਰ ਵਿੱਚ 08 ਅਤੇ ਗੁਰਦਾਸਪੁਰ, ਰੋਪੜ, ਤਰਨਤਾਰਨ ਅਤੇ ਅੰਮ੍ਰਿਤਸਰ ਦਿਹਾਤੀ ਵਿੱਚ 1-1 ਥਾਂ ਸ਼ਾਮਲ ਹੈ। ਤਲਾਸ਼ੀ ਦੌਰਾਨ 7 ਮੋਬਾਈਲ ਫੋਨ, 3 ਟੈਬਲੇਟ, 2 ਲੈਪਟਾਪ, 1 ਸਟੋਰੇਜ ਡਿਵਾਈਸ ਅਤੇ ਦੋਸ਼ਪੂਰਨ ਵਿੱਤੀ ਰਿਕਾਰਡ ਤੇ ਦਸਤਾਵੇਜ਼ ਜ਼ਬਤ ਕੀਤੇ ਗਏ ਹਨ।

ਜ਼ਬਤ ਕੀਤੇ ਗਏ ਇਲੈਕਟ੍ਰਾਨਿਕ ਉਪਕਰਨਾਂ ਦੀ ਫੋਰੈਂਸਿਕ ਜਾਂਚ ਕੀਤੀ ਜਾਵੇਗੀ ਅਤੇ ਜ਼ਬਤ ਕੀਤੇ ਗਏ ਦਸਤਾਵੇਜ਼ ਤੇ ਵਿੱਤੀ ਰਿਕਾਰਡ ਜਾਂਚ ਦੇ ਘੇਰੇ ਵਿੱਚ ਹਨ,



ਕਿਉਂਕਿ ਕਈ ਵਿਅਕਤੀਆਂ, ਜਿਨ੍ਹਾਂ ਵਿੱਚ ਸਿਆਸਤਦਾਨ ਵੀ ਸ਼ਾਮਲ ਹਨ, ਨਾਲ ਸਬੰਧਤ ਕੰਪਨੀਆਂ ਦੁਆਰਾ ਕੀਤੀਆਂ ਗਈਆਂ ਅਦਾਇਗੀਆਂ ਦੀ ਜਾਂਚ ਕੀਤੀ ਜਾ ਰਹੀ ਹੈ। SIT ਵੱਲੋਂ ਯੋਜਨਾਬੱਧ ਅਤੇ ਸੁਚੱਜੇ ਢੰਗ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਹੋਰ ਛਾਪੇਮਾਰੀ ਅਤੇ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ। ਅਗਲੇਰੀ ਜਾਂਚ ਜਾਰੀ ਹੈ।

# ਵੈਨੇਜ਼ੁਏਲਾ 'ਤੇ ਅਮਰੀਕੀ ਫੌਜੀ ਕਾਰਵਾਈ ਤੋਂ ਬਾਅਦ UNSC ਨੇ ਬੁਲਾਈ ਐਮਰਜੰਸੀ ਬੈਠਕ

## ਰਾਸ਼ਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫ਼ਤਾਰੀ ਨਾਲ ਵਧਿਆ ਤਣਾਅ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਜਨਵਰੀ INTERNATIONAL PAPER, 94636 01616 hardipchumber57@gmail.com

ਨਿਊਯਾਰਕ: ਕਈ ਮਹੀਨਿਆਂ ਤੱਕ ਅਮਰੀਕੀ ਜਾਸੂਸ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਹਰ ਗਤੀਵਿਧੀ ਉੱਤੇ ਨਜ਼ਰ ਰੱਖ ਰਹੇ ਸਨ।

ਇਹ ਇੱਕ ਛੋਟੀ ਟੀਮ ਸੀ, ਜਿਸ ਵਿੱਚ ਵੇਨੇਜ਼ੁਏਲਾ ਸਰਕਾਰ ਦੇ ਅੰਦਰੋਂ ਇੱਕ ਸੂਤਰ ਵੀ ਸ਼ਾਮਲ ਸੀ। ਉੱਚ ਫੌਜੀ ਅਧਿਕਾਰੀਆਂ ਮੁਤਾਬਕ, 63 ਸਾਲਾਂ ਦੇ ਮਾਦੁਰੋ ਕਿੱਥੇ ਸੌਂਦੇ ਸਨ, ਕੀ ਖਾਂਦੇ ਸਨ, ਕੀ ਪਹਿਨਦੇ ਸਨ ਅਤੇ ਇੱਥੋਂ ਤੱਕ



ਅਮਰੀਕਾ ਨੇ ਕਰਾਕਸ ਦੇ ਆਲੇ-ਦੁਆਲੇ ਕਈ ਥਾਵਾਂ 'ਤੇ ਹਮਲੇ ਕੀਤੇ, ਜਿਨ੍ਹਾਂ ਵਿੱਚ ਵੈਨੇਜ਼ੁਏਲਾ ਦਾ ਸਭ ਤੋਂ ਵੱਡਾ ਫੌਜੀ ਅੱਡਾ, ਫੋਰਟ ਟਿਜੂਨਾ ਵੀ ਸ਼ਾਮਲ ਹੈ

ਕਿ "ਉਨ੍ਹਾਂ ਦੇ ਪਾਲਤੂ ਜਾਨਵਰਾਂ" ਤੱਕ ਉੱਤੇ ਵੀ ਇਹ ਟੀਮ ਨਿਗਰਾਨੀ ਕਰ ਰਹੀ ਸੀ।

ਇਸ ਤੋਂ ਬਾਅਦ ਦਸੰਬਰ ਦੀ ਸ਼ੁਰੂਆਤ ਵਿੱਚ "ਆਪਰੇਸ਼ਨ ਐਬਸੋਲਿਊਟ ਰਿਜ਼ੋਲਵ" ਨਾਮ ਦੇ ਇੱਕ ਮਿਸ਼ਨ ਨੂੰ ਅੰਤਿਮ ਰੂਪ ਦਿੱਤਾ ਗਿਆ। ਅਮਰੀਕਾ ਨੇ ਵੈਨੇਜ਼ੁਏਲਾ ਵਿੱਚ ਇੱਕ ਵੱਡੀ ਫੌਜੀ ਕਾਰਵਾਈ ਸ਼ੁਰੂ ਕੀਤੀ, ਜਿਸ ਵਿੱਚ ਬੇਦਖਲ ਕੀਤੇ ਗਏ ਰਾਸ਼ਟਰਪਤੀ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਸੋਮਵਾਰ ਨੂੰ ਇੱਕ ਐਮਰਜੈਂਸੀ ਮੀਟਿੰਗ ਕਰੇਗੀ। ਕੋਲੰਬੀਆ ਨੇ ਇਸ ਕਾਰਵਾਈ ਦੀ ਨਿੰਦਾ ਕੀਤੀ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਵਿਰੁੱਧ ਚੇਤਾਵਨੀ ਦਿੱਤੀ। ਵੈਨੇਜ਼ੁਏਲਾ ਵਿੱਚ, ਉਪ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨੂੰ ਅੰਤਰਿਮ ਰਾਸ਼ਟਰਪਤੀ ਨਿਯੁਕਤ ਕੀਤਾ ਗਿਆ ਹੈ।

# ਵੇਨੇਜ਼ੁਏਲਾ ਸੰਕਟ: ਅਮਰੀਕੀ ਕਾਰਵਾਈ 'ਤੇ ਭਾਰਤ ਨੇ ਧਾਰੀ ਚੁੱਪ; ਸ਼ਾਂਤੀ ਦੀ ਕੀਤੀ ਅਪੀਲ

## ਵੇਨੇਜ਼ੁਏਲਾ ਤੋਂ ਬਾਅਦ ਟਰੰਪ ਦੇ ਨਿਸ਼ਾਨੇ 'ਤੇ ਹੁਣ ਇਹ ਤਿੰਨ ਦੇਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਜਨਵਰੀ INTERNATIONAL PAPER, 94636 01616 hardipchumber57@gmail.com



ਵੇਨੇਜ਼ੁਏਲਾ ਵਿੱਚ ਅਮਰੀਕੀ ਫੌਜੀ ਕਾਰਵਾਈ ਅਤੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਹਿਰਾਸਤ ਤੋਂ ਬਾਅਦ ਪੈਦਾ ਹੋਏ ਹਾਲਾਤ 'ਤੇ ਭਾਰਤ ਨੇ ਡੂੰਘੀ ਚਿੰਤਾ ਪ੍ਰਗਟਾਈ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਮਾਮਲੇ ਵਿੱਚ ਅਮਰੀਕਾ ਦੀ ਸਿੱਧੀ ਨਿੰਦਾ ਕਰਨ ਤੋਂ ਗੁਰੇਜ਼ ਕਰਦਿਆਂ 'ਸਾਰੇ ਸਬੰਧਤ ਪੱਖਾਂ' ਨੂੰ ਆਪਸੀ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦਾ ਸੱਦਾ ਦਿੱਤਾ ਹੈ।

ਭਾਰਤ ਨੇ ਸਪੱਸ਼ਟ ਕੀਤਾ ਕਿ ਉਹ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਦਾ ਸਮਰਥਨ ਕਰਦਾ ਹੈ ਅਤੇ ਵੇਨੇਜ਼ੁਏਲਾ ਦੇ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਫਿਕਰਮੰਦ ਹੈ।

ਦੱਸਣਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਕਾਰਵਾਈ ਨੂੰ ਅਮਰੀਕੀ ਸ਼ਕਤੀ ਦਾ ਪ੍ਰਦਰਸ਼ਨ ਦੱਸਦਿਆਂ ਸੱਤਾ ਦੇ ਤਬਾਦਲੇ ਤੱਕ ਨਿਗਰਾਨੀ ਰੱਖਣ ਦੀ ਗੱਲ ਕਹੀ ਹੈ।

ਦੂਜੇ ਪਾਸੇ, ਵੇਨੇਜ਼ੁਏਲਾ ਵਿੱਚ ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਸਖ਼ਤ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਹੈ। ਭਾਰਤੀਆਂ ਨੂੰ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਅਤੇ ਉੱਥੇ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਕਾਰਾਕਾਸ ਵਿੱਚ ਧਮਾਕਿਆਂ ਅਤੇ ਬਿਜਲੀ ਗੁੱਲ ਹੋਣ ਕਾਰਨ ਹਾਹਾਕਾਰ ਮਚੀ ਹੋਈ ਹੈ, ਜਿਸ ਕਾਰਨ ਗੁਆਂਢੀ ਦੇਸ਼ਾਂ ਵਿੱਚ ਵੀ ਅਸਥਿਰਤਾ ਦਾ ਡਰ ਬਣਿਆ ਹੋਇਆ ਹੈ। ਭਾਰਤੀ ਦੂਤਾਵਾਸ ਹਾਲਾਤ 'ਤੇ ਨਜ਼ਰ ਰੱਖ ਰਿਹਾ ਹੈ ਤਾਂ ਜੋ ਲੋੜ ਪੈਣ 'ਤੇ ਭਾਰਤੀ ਭਾਈਚਾਰੇ ਦੀ ਹਰ ਸੰਭਵ ਮਦਦ ਕੀਤੀ ਜਾ ਸਕੇ।

ਵੈਨੇਜ਼ੁਏਲਾ ਵਿੱਚ ਅਮਰੀਕੀ ਫੌਜੀ ਹਮਲੇ ਅਤੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫ਼ਤਾਰੀ ਤੋਂ ਬਾਅਦ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਅਗਲਾ ਨਿਸ਼ਾਨਾ ਮੈਕਸੀਕੋ, ਕਿਊਬਾ ਅਤੇ ਕੋਲੰਬੀਆ ਹਨ।

ਟਰੰਪ ਨੇ ਇਨ੍ਹਾਂ ਤਿੰਨਾਂ ਦੇਸ਼ਾਂ ਨੂੰ ਸਖ਼ਤ ਚੇਤਾਵਨੀ ਦਿੰਦੇ ਹੋਏ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਉਨ੍ਹਾਂ ਨੇ ਨਸ਼ਾ-ਤਸਕਰੀ ਅਤੇ ਕਥਿਤ ਨਾਰਕੋ-ਅੱਤਵਾਦੀ ਨੈੱਟਵਰਕਾਂ 'ਤੇ ਕੰਟਰੋਲ ਨਾ ਕੀਤਾ, ਤਾਂ ਉਨ੍ਹਾਂ ਦੀ ਵਾਰੀ ਵੀ ਆ ਸਕਦੀ ਹੈ। ਟਰੰਪ ਨੇ ਸੰਕੇਤ ਦਿੱਤਾ ਕਿ ਅਮਰੀਕਾ ਖੇਤਰ ਵਿੱਚ 'ਬੂਟਸ ਆਨ ਦਾ ਗਰਾਊਂਡ' (ਜ਼ਮੀਨੀ ਫੌਜੀ ਕਾਰਵਾਈ) ਤੋਂ ਵੀ ਪਿੱਛੇ ਨਹੀਂ ਹਟੇਗਾ। ਉਨ੍ਹਾਂ ਕਿਹਾ ਕਿ ਵੈਨੇਜ਼ੁਏਲਾ ਮੁਹਿੰਮ ਇਸ ਗੱਲ ਦਾ ਸੰਕੇਤ ਹੈ ਕਿ ਅਮਰੀਕਾ ਆਪਣੇ ਰਾਸ਼ਟਰੀ ਹਿੱਤਾਂ ਅਤੇ ਸੁਰੱਖਿਆ ਪ੍ਰਤੀ ਹੁਣ ਕੋਈ ਨਰਮੀ ਨਹੀਂ ਵਰਤੇਗਾ।

### ਟਰੰਪ ਦੇ ਨਿਸ਼ਾਨੇ 'ਤੇ ਤਿੰਨ ਦੇਸ਼

### 1. ਕਿਊਬਾ (Cuba)

ਟਰੰਪ ਨੇ ਕਿਊਬਾ ਲੀਡਰਸ਼ਿਪ ਨੂੰ ਕਿਹਾ ਕਿ ਉਹ ਇੱਕ "ਸਫਲ ਰਾਸ਼ਟਰ" ਬਣਨਾ ਚਾਹੁੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕਾ ਕਿਊਬਾ ਦੇ ਲੋਕਾਂ ਦੀ ਮਦਦ ਕਰਨਾ ਚਾਹੁੰਦਾ ਹੈ, ਜਿਵੇਂ ਉਹ ਵੈਨੇਜ਼ੁਏਲਾ ਦੇ ਲੋਕਾਂ ਲਈ ਕਰ ਰਿਹਾ ਹੈ।

### 2. ਕੋਲੰਬੀਆ (Colombia)

ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ 'ਤੇ ਟਰੰਪ ਨੇ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਕੋਲੰਬੀਆ ਵਿੱਚ "ਘੱਟੋ-ਘੱਟ ਤਿੰਨ ਵੱਡੇ ਕੋਕੀਨ ਪਲਾਂਟ" ਹਨ, ਜਿੱਥੋਂ ਨਸ਼ਾ ਅਮਰੀਕਾ ਭੇਜਿਆ ਜਾ ਰਿਹਾ ਹੈ। ਟਰੰਪ ਨੇ ਪੈਟਰੋ ਨੂੰ ਚੇਤਾਵਨੀ ਦਿੱਤੀ ਕਿ ਉਨ੍ਹਾਂ ਨੂੰ 'ਵਧੇਰੇ ਸਾਵਧਾਨ ਰਹਿਣਾ ਚਾਹੀਦਾ ਹੈ'।

ਪੈਟਰੋ ਮਾਦੁਰੋ ਦੇ ਸਹਿਯੋਗੀ ਮੰਨੇ ਜਾਂਦੇ ਹਨ ਅਤੇ ਅਮਰੀਕਾ ਨੂੰ ਵੈਨੇਜ਼ੁਏਲਾ ਵਿੱਚ ਕਾਰਵਾਈ ਲਈ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਦੀ ਉਲੰਘਣਾ ਕਰਨ ਲਈ ਜਵਾਬਦੇਹ ਠਹਿਰਾਉਂਦੇ ਹਨ।

### 3. ਮੈਕਸੀਕੋ (Mexico)

ਮੈਕਸੀਕੋ ਦੇ ਸੰਦਰਭ ਵਿੱਚ, ਟਰੰਪ ਨੇ ਕਿਹਾ ਕਿ ਰਾਸ਼ਟਰਪਤੀ ਕਲੌਡੀਆ ਸ਼ਿਨਬਾਮ ਆਪਣੇ ਦੇਸ਼ 'ਤੇ ਕੰਟਰੋਲ ਨਹੀਂ ਕਰ ਪਾ ਰਹੀ ਹੈ ਅਤੇ ਡਰੱਗ ਕਾਰਟੇਲ ਹੀ ਅਸਲ ਵਿੱਚ ਦੇਸ਼ ਚਲਾ ਰਹੇ ਹਨ। ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕਈ ਵਾਰ ਮੈਕਸੀਕੋ ਤੋਂ ਕਾਰਟੇਲਜ਼ ਵਿਰੁੱਧ ਕਾਰਵਾਈ ਦੀ ਪੇਸ਼ਕਸ਼ ਕੀਤੀ, ਪਰ ਹਰ ਵਾਰ ਮਨ੍ਹਾ ਕਰ ਦਿੱਤਾ ਗਿਆ।

# ਬਿਜਲੀ ਸੋਧ ਬਿੱਲ ਬਜਟ ਇਜਲਾਸ ਵਿੱਚ ਪੇਸ਼ ਕਰਨ ਦੀ ਤਿਆਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਜਨਵਰੀ INTERNATIONAL PAPER, 94636 01616 hardipchumber57@gmail.com

ਭਾਰਤ ਸਰਕਾਰ ਸੰਸਦ ਦੇ ਆਗਾਮੀ ਬਜਟ ਇਜਲਾਸ ਵਿੱਚ ਵਿਵਾਦਤ ਬਿਜਲੀ ਸੋਧ ਬਿੱਲ 2025 ਪੇਸ਼ ਕਰਨ ਦੀ ਤਿਆਰੀ ਕਰ ਰਹੀ ਹੈ। ਬਿੱਲ ਦੇ ਖਰੜੇ ਬਾਰੇ ਧਿਰਾਂ ਦੇ ਸੁਝਾਅ ਪ੍ਰਾਪਤ ਹੋ ਚੁੱਕੇ ਹਨ। ਹੁਣ ਬਿਜਲੀ ਮੰਤਰਾਲਾ ਬਿਜਲੀ ਉਦਯੋਗ, ਯੂਨੀਅਨਾਂ ਅਤੇ ਹੋਰ ਵਿਸ਼ੇਸ਼ ਸਮੂਹਾਂ ਨਾਲ ਰਸਮੀ ਮੀਟਿੰਗਾਂ ਸ਼ੁਰੂ ਕਰੇਗਾ। ਇਸ ਤੋਂ ਇਲਾਵਾ 22 ਤੇ 23 ਜਨਵਰੀ ਨੂੰ ਸੂਬਾ ਸਰਕਾਰਾਂ ਨਾਲ ਵੀ ਇਸ ਬਿੱਲ ਬਾਰੇ ਸਲਾਹ-ਮਸ਼ਵਰਾ ਕੀਤਾ ਜਾਵੇਗਾ।

ਮੰਤਰੀ ਨੇ ਕਿਹਾ ਕਿ ਨਿੱਜੀਕਰਨ, ਬਿੱਲਾਂ 'ਚ ਵਾਧੇ ਅਤੇ ਮੁਲਾਜ਼ਮਾਂ ਦੀਆਂ ਨੌਕਰੀਆਂ ਦੇ ਖ਼ਦਸ਼ੇ ਦਾ ਕੋਈ ਆਧਾਰ ਨਹੀਂ ਹੈ। ਉਨ੍ਹਾਂ ਬਿਜਲੀ ਲਾਈਨਾਂ ਵਿਛਾਉਣ ਲਈ ਜ਼ਮੀਨ ਵਰਤਣ 'ਤੇ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ।

# ਅੰਮ੍ਰਿਤਸਰ ਵਿਚ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ ਵਿੱਚ ਇੱਕ ਮੌਜੂਦਾ ਸਰਪੰਚ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਸਾਹਮਣੇ ਆਈ ਹੈ। ਸਰਪੰਚ ਜਰਮਲ ਸਿੰਘ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਇਆ ਸੀ। ਜਦੋਂ ਹਮਲਾਵਰ ਅਚਾਨਕ ਪੈਲੇਸ ਵਿੱਚ ਪਹੁੰਚੇ ਤਾਂ ਉਨ੍ਹਾਂ ਨੇ ਉਸ ‘ਤੇ ਗੋਲੀਆਂ ਚਲਾ ਦਿੱਤੀਆਂ। ਫਾਇਰਿੰਗ ‘ਚ ਸਰਪੰਚ ਜਰਮਲ ਸਿੰਘ ਗੰਭੀਰ ਜ਼ਖਮੀ ਹੋ ਗਿਆ। ਖੂਨ ਨਾਲ ਲੱਥਪੱਥ ਸਰਪੰਚ ਨੂੰ ਤੁਰੰਤ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ।

ਗੋਲੀਬਾਰੀ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਮਹਿਲ ਪਹੁੰਚੀ। ਟੀਮ ਨੇ ਪੂਰੇ ਪੈਲੇਸ ਨੂੰ ਘੇਰ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ, ਵਿਆਹ ਸਮਾਗਮ ਵਿੱਚ ਸ਼ਾਮਲ ਹੋਏ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਸਰਪੰਚ ਦਾ ਪਿੱਛਾ ਕੀਤਾ ਜਾ ਰਿਹਾ ਸੀ।

ਉਹ ਤਰਨਤਾਰਨ ਜ਼ਿਲ੍ਹੇ ਦੇ ਵਲਟੋਹਾ ਪਿੰਡ ਦਾ ਰਹਿਣ ਵਾਲਾ ਸੀ ਅਤੇ ਮੌਜੂਦਾ ਸਰਪੰਚ ਸੀ। ਪੁਲਿਸ ਜਾਂਚ ਦੇ ਅਨੁਸਾਰ, ਉਸ ‘ਤੇ ਪਹਿਲਾਂ ਵੀ ਤਿੰਨ ਵਾਰ ਹਮਲਾ ਹੋ ਚੁੱਕਾ ਹੈ। ਪੁਲਿਸ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ। ਹਮਲੇ ਦਾ ਉਦੇਸ਼ ਫਿਲਹਾਲ ਅਣਜਾਣ ਹੈ, ਪਰ ਉਹ ਸਾਰੇ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕਰ ਰਹੇ ਹਨ।



ਵਿਆਹ ਵਿੱਚ ਸ਼ਾਮਲ ਹੋਏ ‘ਆਪ’ ਵਿਧਾਇਕ ਸਰਵਣ ਸਿੰਘ ਨੇ ਕਿਹਾ ਕਿ ਹਮਲਾਵਰ, ਕੋਟ ਅਤੇ ਪੈਂਟ ਪਹਿਨੇ ਹੋਏ ਸਨ, ਵਿਆਹ ਦੇ ਮਹਿਮਾਨਾਂ ਵਾਂਗ ਸਜੇ ਹੋਏ ਸਨ। ਉਨ੍ਹਾਂ ਨੇ ਸਰਪੰਚ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਜਦੋਂ ਉਹ ਖਾਣਾ ਖਾ ਰਿਹਾ ਸੀ।

# ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ 40 ਦਿਨਾਂ ਦੀ ਹੋਰ ਪੈਰੋਲ ਮਿਲੀ

## ਸ਼੍ਰੋਮਣੀ ਕਮੇਟੀ ਵੱਲੋ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ ’ਤੇ ਸਖ਼ਤ ਇਤਰਾਜ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com

ਕਤਲ ਅਤੇ ਜਬਰ ਜਨਾਹ ਮਾਮਲੇ ’ਚ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ’ਚ ਨਜ਼ਰਬੰਦ ਡੇਰਾ ਸੱਚਾ ਸੌਦਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇਕ ਵਾਰ ਮੁੜ ਜੇਲ੍ਹ ਤੋਂ ਬਾਹਰ ਆਵੇਗਾ। ਉਸ ਨੂੰ 40 ਦਿਨਾਂ ਦੀ ਪੈਰੋਲ ਮਿਲੀ ਹੈ ਜਿਸ ਸਬੰਧੀ ਜੇਲ੍ਹ ਪ੍ਰਸ਼ਾਸਨ ਨੇ ਮਨਜ਼ੂਰੀ ਦੇ ਦਿੱਤੀ ਹੈ। ਉਸ ਦੇ 1-2 ਦਿਨਾਂ ਵਿਚ ਬਾਹਰ ਆਉਣ ਦੀ ਸੰਭਾਵਨਾ ਹੈ। ਪੈਰੋਲ ਦੌਰਾਨ ਡੇਰਾ ਮੁਖੀ ਸਿਰਸਾ ਵਿਚ ਹੀ ਰਹੇਗਾ। ਇਸ ਤੋਂ ਪਹਿਲਾਂ ਰਾਮ ਰਹੀਮ ਨੂੰ ਅਗਸਤ ਮਹੀਨੇ ਵਿਚ 40 ਦਿਨਾਂ ਦੀ ਪੈਰੋਲ ਮਿਲੀ ਸੀ ਤੇ ਚਾਰ ਮਹੀਨੇ ਤੋਂ ਬਾਅਦ ਮੁੜ ਪੈਰੋਲ ਦਿੱਤੀ ਗਈ ਹੈ।

ਇਹ 15ਵੀਂ ਵਾਰ ਹੋਵੇਗਾ ਜਦੋਂ ਰਾਮ ਰਹੀਮ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੈਰੋਲ ’ਤੇ ਜੇਲ੍ਹ ਤੋਂ ਰਿਹਾਅ ਕੀਤਾ ਜਾਵੇਗਾ।


ਜ਼ਿਕਰਯੋਗ ਹੈ ਕਿ ਰਾਮ ਰਹੀਮ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਮਾਮਲੇ ਵਿੱਚ 20 ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਲਈ ਵੀ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਇਸ ਮਾਮਲੇ ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਡੇਰਾ ਮੁਖੀ ਨੂੰ ਆਖਰੀ ਵਾਰ ਅਗਸਤ 2025 ਵਿੱਚ 40 ਦਿਨਾਂ ਦੀ ਪੈਰੋਲ ’ਤੇ ਰਿਹਾਅ ਕੀਤਾ ਗਿਆ ਸੀ ਤੇ ਉਸ ਨੇ ਆਪਣਾ 58ਵਾਂ ਜਨਮਦਿਨ ਡੇਰਾ ਸਿਰਸਾ ਵਿਚ ਹੀ ਮਨਾਇਆ ਸੀ।

### ਹਰਜਿੰਦਰ ਸਿੰਘ ਧਾਮੀ ਨੇ ਸਖਤ ਇਤਰਾਜ਼ ਪ੍ਰਗਟ ਕੀਤਾ

ਵੱਖ ਵੱਖ ਗੰਭੀਰ ਅਪਰਾਧਾਂ ਵਿੱਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ 40 ਦਿਨ ਦੀ ਪੈਰੋਲ ਦਿੱਤੇ ਜਾਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖਤ ਇਤਰਾਜ਼ ਪ੍ਰਗਟ ਕੀਤਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਜਿਹੜਾ ਵਿਅਕਤੀ ਗੰਭੀਰ ਦੋਸ਼ਾਂ ਵਿੱਚ ਸਜ਼ਾ ਕੱਟ ਰਿਹਾ ਹੈ ਅਤੇ ਸਿੱਖ ਧਰਮ ਵਿਰੋਧੀ ਗਤੀਵਿਧੀਆਂ ਦਾ ਵੀ



ਦੋਸ਼ੀ ਹੈ, ਉਸ ਉੱਤੇ ਸਰਕਾਰਾਂ ਦੀ ਇਹ ਦਰਿਆਦਿਲੀ ਹੈਰਾਨੀਜਨਕ ਹੀ ਨਹੀਂ ਸਗੋਂ ਲੋਕਤੰਤਰ ਅਤੇ ਇਨਸਾਫ਼ ਪ੍ਰਣਾਲੀ ਦਾ ਵੀ ਮਜ਼ਾਕ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਵਿਅਕਤੀਆਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਰਿਆਇਤਾਂ ਦੇਣਾ ਜਿਥੇ ਪੀੜਤ ਲੋਕਾਂ ਨਾਲ ਮਜ਼ਾਕ ਹੈ, ਉਥੇ ਨਿਆਂ ਪ੍ਰਣਾਲੀ ਲਈ ਵੀ ਸਵਾਲ ਹੈ। ਉਨਾਂ ਨੇ ਕਿਹਾ ਕਿ ਜੇਕਰ ਸਰਕਾਰਾਂ ਨੇ ਦੋਸ਼ੀਆਂ ਨੂੰ ਸਿਆਸੀ ਲਾਭ ਲਈ ਰਾਹਤ ਦੇਣ ਦਾ ਇਹ ਰੁਝਾਨ ਜਾਰੀ ਰੱਖਿਆ ਤਾਂ ਲੋਕਾਂ ਦਾ ਇਨਸਾਫ਼ ਪ੍ਰਣਾਲੀ ਤੋਂ ਭਰੋਸਾ ਉੱਠ ਜਾਵੇਗਾ।

# ਗੋਰਾਇਆ ਦਾ ਮਨਦੀਪ ਰੂਸ ਵਿੱਚ ਡਰੋਨ ਹਮਲੇ ’ਚ ਹਲਾਕ

## ਡੇਢ ਸਾਲ ਤੋਂ ਹੋ ਰਹੀ ਸੀ ਭਾਲ; ਭਰਾ ਲਾਸ਼ ਲੈ ਕੇ ਪਿੰਡ ਪੁੱਜਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com

ਗੋਰਾਇਆ ਦਾ ਨੌਜਵਾਨ ਮਨਦੀਪ ਕੁਮਾਰ, ਜਿਸ ਨੂੰ ਭਰਾ ਜਗਦੀਪ ਬੀਤੇ ਡੇਢ ਸਾਲ ਤੋਂ ਲੱਭ ਰਿਹਾ ਸੀ, ਰੂਸ ’ਚ ਜੰਗ ਦੇ ਮੁਹਾਜ਼ ’ਤੇ ਡਰੋਨ ਹਮਲੇ ਦੌਰਾਨ ਮਾਰਿਆ ਗਿਆ। ਏਜੰਟਾਂ ਦੇ ਝਾਂਸੇ ’ਚ ਆ ਕੇ ਉਸ ਨੂੰ ਫਿਨਲੈਂਡ ਭੇਜਣ ਦੀ ਬਜਾਏ ਜਬਰੀ ਰੂਸੀ ਫ਼ੌਜ ’ਚ ਸ਼ਾਮਲ ਕਰ ਲਿਆ ਗਿਆ ਸੀ। ਜਗਦੀਪ ਨੇ ਦੱਸਿਆ ਕਿ ਭਰਾ ਦੀ ਨਵੰਬਰ 2025 ’ਚ ਮੌਤ ਹੋ ਗਈ ਸੀ ਅਤੇ ਉਹ ਮਨਦੀਪ ਦੀ ਦੇਹ ਅੱਜ ਗੋਰਾਇਆ ਲੈ ਕੇ ਪਹੁੰਚਿਆ। ਉਸ ਨੇ ਮਾਪਿਆਂ ਨੂੰ ਭਰਾ ਦੀ ਮੌਤ ਦੀ ਜਦੋਂ ਖ਼ਬਰ ਦਿੱਤੀ ਤਾਂ ਉਨ੍ਹਾਂ ’ਤੇ ਦੁੱਖਾਂ ਪਹਾੜ ਟੁੱਟ ਪਿਆ। ਜਗਦੀਪ ਕੁਮਾਰ ਨੇ ਦੋ ਵਾਰ ਆਪਣਾ ਡੀ ਐੱਨ ਏ ਰੂਸ ਭੇਜਿਆ ਸੀ ਅਤੇ ਉਹ ਖੁਦ ਵੀ ਦੋ ਵਾਰ ਉਥੇ ਗਿਆ ਸੀ ਤਾਂ ਜੋ ਭਰਾ ਦਾ ਕੁਝ ਪਤਾ ਲੱਗ ਸਕੇ। ਉਸ ਨੇ ਦੱਸਿਆ ਕਿ ਭਾਰਤੀ ਸਫ਼ਾਰਤਖਾਨੇ ਦੀ ਮਦਦ ਰਾਹੀਂ ਮਨਦੀਪ ਦੀ ਦੇਹ ਨੂੰ ਰੁਸਤੋਵ-ਆਨ-ਦਾਨ ਤੋਂ ਲਿਆਂਦਾ ਗਿਆ ਹੈ। ਨਵੰਬਰ ’ਚ ਦੂਜੀ ਵਾਰ ਡੀ ਐੱਨ ਏ ਭੇਜਿਆ ਸੀ ਜਿਸ ਦੇ ਇਕ ਹਫ਼ਤੇ ਬਾਅਦ ਮਨਦੀਪ ਦੀ ਮੌਤ ਦੀ ਪੁਸ਼ਟੀ ਹੋਈ। ਉਸ ਨੇ ਦਾਅਵਾ ਕੀਤਾ ਕਿ 13 ਹੋਰ ਭਾਰਤੀਆਂ ਦੀ ਮੌਤ ਦੀ ਵੀ ਪੁਸ਼ਟੀ ਹੋਈ ਹੈ। ਜਗਦੀਪ ਕੁਮਾਰ ਨੇ ਦੱਸਿਆ ਕਿ ਉਸ ਨੇ ਭਰਾ ਦੀ ਭਾਲ ’ਚ ਪਹਿਲੀ ਵਾਰ ਮਾਰਚ ਅਤੇ ਫਿਰ ਅਕਤੂਬਰ 2025 ’ਚ ਰੂਸ ਦਾ ਦੌਰਾ ਕੀਤਾ ਸੀ। ਉਸ ਨੇ ਦੱਸਿਆ, ‘‘ਮੈਂ ਪਹਿਲਾਂ ਕੇਂਦਰੀ ਮੰਤਰਾਲੇ ਰਾਹੀਂ ਰੂਸ ਸਥਿਤ ਭਾਰਤੀ ਦੂਤਘਰ ਨੂੰ ਡੀ ਐੱਨ ਏ ਭੇਜਿਆ ਸੀ ਪਰ ਉਦੋਂ ਕੋਈ ਸੂਚਨਾ ਨਹੀਂ ਮਿਲੀ ਸੀ। ਅਕਤੂਬਰ ’ਚ ਜਦੋਂ ਮੈਂ ਰੂਸ ਗਿਆ ਤਾਂ ਮੇਰੀ ਮੁਲਾਕਾਤ ਮਨਦੀਪ ਦੇ ਕਮਾਂਡਰ ਨਾਲ ਹੋਈ ਸੀ। ਮੈਂ ਆਖਿਆ ਕਿ



ਰੁਸਤੋਵ ਜਾਵਾਂਗਾ ਪਰ ਉਨ੍ਹਾਂ ਮੈਨੂੰ ਰੋਕ ਦਿੱਤਾ ਕਿਉਂਕਿ ਉਹ ਇਲਾਕਾ ਖਤਰੇ ਵਾਲਾ ਸੀ। ਉਨ੍ਹਾਂ ਮੈਨੂੰ ਵਕੀਲ ਮੁਹੱਈਆ ਕਰਵਾਇਆ ਅਤੇ ਮੈਂ ਦੁਬਾਰਾ ਡੀ ਐੱਨ ਏ ਦਿੱਤਾ।’’ ਮਨਦੀਪ ਨੇ ਕਿਹਾ ਕਿ ਸਾਰੀ ਗਲਤੀ ਏਜੰਟਾਂ ਦੀ ਹੈ ਅਤੇ ਰੂਸੀ ਫ਼ੌਜ ’ਚ ਭਾਰਤੀਆਂ ਦੀ ਭਰਤੀ ਹਾਲੇ ਵੀ ਜਾਰੀ ਹੈ ਜਿਸ ਨੂੰ ਫੌਰੀ ਰੋਕਿਆ ਜਾਣਾ ਚਾਹੀਦਾ ਹੈ।

# ਸੰਤ ਅਤਰ ਸਿੰਘ ਜੀ ਦੇ ਬਰਸੀ ਸਮਾਗਮ ਸਬੰਧੀ ਡਿਪਟੀ ਕਮਿਸ਼ਨਰ ਤੋਂ ਸਹਿਯੋਗ ਲੈਣ ਲਈ ਕੌਂਸਲ ਪ੍ਰਬੰਧਕਾਂ ਨੇ ਦਿੱਤਾ ਸੱਦਾ ਪੱਤਰ

## 31 ਜਨਵਰੀ ਨੂੰ ਜ਼ਿਲ੍ਹਾ ਪੱਧਰ ਤੇ ਸਰਕਾਰੀ ਛੁੱਟੀ ਕਰਨ ਸਬੰਧੀ ਕੌਂਸਲ ਪ੍ਰਬੰਧਕਾਂ ਵੱਲੋਂ ਦਿੱਤਾ ਮੰਗ ਪੱਤਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com

ਸੰਗਰੂਰ, 4 ਜਨਵਰੀ (ਜਗਸੀਰ ਸਿੰਘ) -

ਵੀਹਵੀਂ ਸਦੀ ਦੀ ਮਹਾਨ ਸ਼ਖ਼ਸੀਅਤ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਸਮਾਗਮ ਨੂੰ ਸਮਰਪਿਤ 30, 31 ਜਨਵਰੀ ਅਤੇ 1 ਫਰਵਰੀ 2026 ਨੂੰ ਹੋਣ ਵਾਲੇ ਗੁਰਮਤਿ ਸਮਾਗਮਾਂ ਦੇ ਸਬੰਧ ਵਿੱਚ ਅਕਾਲ ਕਾਲਜ ਕੌਂਸਲ ਦੇ ਪ੍ਰਧਾਨ ਸੰਤ ਬਾਬਾ ਕਾਕਾ ਸਿੰਘ ਅਤੇ ਸਕੱਤਰ ਜਸਵੰਤ ਸਿੰਘ ਖਹਿਰਾ ਦੀ ਨਿਗਰਾਨੀ ਹੇਠ ਬਣਾਈ ਗਈ ਸੱਦਾ ਪੱਤਰ ਕਮੇਟੀ ਵੱਲੋਂ ਮੁੱਖ ਗ੍ਰੰਥੀ ਬਾਬਾ ਸੁਖਦੇਵ ਸਿੰਘ, ਸੀਨੀਅਰ ਕੌਂਸਲ ਮੈਂਬਰ ਬਲਦੇਵ ਸਿੰਘ ਭੰਮਾਬੱਦੀ, ਗੁਰਜੰਟ ਸਿੰਘ ਦੁੱਗਾਂ, ਜਗਰੂਪ ਸਿੰਘ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਸਤਨਾਮ ਸਿੰਘ ਦਮਦਮੀ ਅਤੇ ਕਾਲਾ ਸਿੰਘ ਖਹਿਰਾ ਸਮੇਤ ਹੋਰ ਮੈਂਬਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਲਾਨਾ ਜੋੜ ਮੇਲੇ ਨੂੰ ਸਫ਼ਲਤਾ ਪੂਰਵਕ ਮਨਾਉਣ ਲਈ ਸਹਿਯੋਗ ਲੈਣ ਵਾਸਤੇ ਮਾਣਯੋਗ ਡਿਪਟੀ



ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੂੰ ਸੰਗਰੂਰ ਦਫ਼ਤਰ ਵਿਖੇ ਮਿਲੇ ਅਤੇ ਸੱਦਾ ਪੱਤਰ ਵੀ ਦਿੱਤਾ ਗਿਆ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੀਹਵੀਂ ਸਦੀ ਦੀ ਮਹਾਨ ਸ਼ਖਸ਼ੀਅਤ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਵੱਲੋਂ ਜਿੱਥੇ ਧਾਰਮਿਕ ਖੇਤਰ ਵਿੱਚ ਅਹਿਮ ਸਥਾਨ ਹੈ ਅਤੇ ਲੱਖਾਂ ਦੀ ਤਾਦਾਦ ਵਿੱਚ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾ ਕੇ ਗੁਰੂ ਦੇ ਲੜ ਲਾਇਆ ਹੈ, ਉੱਥੇ ਉਹਨਾਂ ਵਿਦਿਅਕ ਖੇਤਰ ਵਿੱਚ ਵੀ ਅਨੇਕਾਂ ਹੀ ਸਕੂਲ ਕਾਲਜ ਖੋਲ ਕੇ ਅਹਿਮ ਯੋਗਦਾਨ ਪਾਇਆ ਹੈ। ਕੌਂਸਲ ਪ੍ਰਬੰਧਕਾਂ ਨੇ ਡੀਸੀ ਸਾਹਿਬ ਸੰਗਰੂਰ ਦੇ ਧਿਆਨ ਵਿੱਚ ਲਿਆਉਂਦਿਆਂ ਦੱਸਿਆ ਕਿ ਸੰਤ ਬਾਬਾ ਅਤਰ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ ਹਰ ਸਾਲ ਮਸਤੂਆਣਾ ਸਾਹਿਬ ਵਿਖੇ ਵੱਡੇ ਪੱਧਰ ਤੇ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ। ਇਸ ਮੌਕੇ ਸੰਤ ਜੀ ਦੀ ਸਾਲਾਨਾ ਬਰਸੀ ਸਮਾਗਮਾਂ ਨੂੰ ਲੈ ਕੇ ਦੇਸ਼ ਵਿਦੇਸ਼ ਅਤੇ ਇਲਾਕੇ ਦੀਆਂ ਲੱਖਾਂ ਦੀ ਤਾਦਾਦ ਵਿਚ ਸ਼ਰਧਾਲੂ ਸੰਗਤਾਂ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਸੰਗਰੂਰ ਵਿਖੇ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ। ਇਸ ਮੌਕੇ ਸੰਗਤਾਂ ਦੀ ਸ਼ਰਧਾ ਭਾਵਨਾ ਅਤੇ ਆਮਦ ਨੂੰ ਮੱਦੇ ਨਜ਼ਰ ਰੱਖਦੇ ਹੋਏ ਡਿਪਟੀ ਕਮਿਸ਼ਨਰ ਸੰਗਰੂਰ ਨੂੰ 31 ਜਨਵਰੀ ਨੂੰ ਸਰਕਾਰੀ ਛੁੱਟੀ ਜ਼ਿਲ੍ਹਾ ਪੱਧਰ ਤੇ ਕਰਨ ਸਬੰਧੀ ਅਕਾਲ ਕਾਲਜ ਕੌਂਸਲ ਵੱਲੋਂ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਜਿੱਥੇ 31 ਜਨਵਰੀ ਦੀ ਛੁੱਟੀ ਕਰਨ ਸਬੰਧੀ ਵਿਸ਼ਵਾਸ ਦਿਵਾਇਆ ਉੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਲਾਨਾ ਜੋੜ ਮੇਲੇ ਸਬੰਧੀ ਹਰ ਪ੍ਰਕਾਰ ਦੇ ਪੂਰਨ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ ਗਿਆ। ਜੋੜ ਮੇਲੇ ਸਬੰਧੀ ਸਕੱਤਰ ਸ੍ਰ ਜਸਵੰਤ ਸਿੰਘ ਖਹਿਰਾ, ਬਲਦੇਵ ਸਿੰਘ ਵੜੈਚ, ਗੁਰਜੰਟ ਸਿੰਘ ਦੁੱਗਾਂ ਅਤੇ ਸਤਨਾਮ ਸਿੰਘ ਦਮਦਮੀ ਮਸਤੂਆਣਾ ਹੁਰਾਂ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਨੂੰ ਲੈ ਕੇ ਅਕਾਲ ਕਾਲਜ ਕੌਂਸਲ ਵੱਲੋਂ ਵੱਡੀ ਪੱਧਰ ਤੇ ਤਿਆਰੀਆਂ ਵਿੱਢੀਆਂ ਗਈਆਂ ਹਨ, ਤਾਂ ਜੋ ਮੱਥਾ ਟੇਕਣ ਵਾਲੀਆਂ ਸ਼ਰਧਾਲੂ ਸੰਗਤਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆ ਸਕੇ। ਇਸ ਮੌਕੇ ਭੁਪਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਬਾਲੀਆਂ, ਗਮਦੂਰ ਸਿੰਘ ਖਹਿਰਾ, ਹਾਕਮ ਸਿੰਘ ਕਿਸ਼ਨਗੜੀਆ, ਸਿਆਸਤ ਸਿੰਘ, ਮੈਨੇਜਰ ਜਸਵੀਰ ਸਿੰਘ ਅਤੇ ਹੋਰ ਵੱਡੀ ਗਿਣਤੀ ਵਿਚ ਮੈਂਬਰਾਂ ਨੇ ਦੱਸਿਆ ਕਿ ਜੋੜ ਮੇਲੇ ਸਬੰਧੀ ਮੱਥਾ ਟੇਕਣ ਵਾਲੀਆਂ ਆ ਰਹੀਆਂ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਲਈ ਰਹਿਣ ਸਹਿਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਵਾਸਤੇ ਨੇੜਲੇ ਲਗਭਗ ਤਿੰਨ ਦਰਜ਼ਨ ਤੋਂ ਵੱਧ ਪਿੰਡਾਂ ਦੀਆਂ ਲੰਗਰ ਕਮੇਟੀਆਂ ਵੱਲੋਂ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਲੰਗਰ ਲਗਾਉਣ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ ਹਨ।

# ਕਿਸਾਨਾਂ ਨੇ ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਦੀ ਉਸਾਰੀ ਰੋਕੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com

ਦਿੱਲੀ - ਕੱਟੜਾ ਐਕਸਪ੍ਰੈੱਸਵੇਅ ਦੀ ਉਸਾਰੀ ’ਚ ਮੁੜ ਅੜਿੱਕਾ ਪੈ ਗਿਆ ਹੈ। ਪਟਿਆਲਾ ਜ਼ਿਲ੍ਹੇ ਅੰਦਰ ਘੱਗਾ ਤੋਂ ਤੇਈਪੁਰ ਤੱਕ ਕਰੀਬ 20 ਕਿਲੋਮੀਟਰ ਸੜਕ ਦੀ ਚੱਲ ਰਹੀ ਉਸਾਰੀ ’ਤੇ ਕਿਸਾਨਾਂ ਨੇ ਅੱਜ ਕੰਮ ਰੁਕਵਾ ਦਿੱਤਾ। ਘੱਗਾ ਟੌਲ ਪਲਾਜ਼ਾ ਕੋਲ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਇਲਾਕੇ ਦੇ ਪੀੜਤ ਕਿਸਾਨਾਂ ਦੀਆਂ ਮੰਗਾਂ ਦੇ ਹੱਕ ’ਚ ਚੱਲ ਰਹੇ ਧਰਨੇ ਦੌਰਾਨ ਐਕਸਪ੍ਰੈੱਸਵੇਅ ਦੀ ਉਸਾਰੀ ਨੂੰ ਰੁਕਵਾਇਆ ਗਿਆ।

ਦਿੱਲੀ - ਕੱਟੜਾ ਐਕਸਪ੍ਰੈੱਸਵੇਅ ਦੀ ਉਸਾਰੀ ਪਿਛਲੇ ਸਾਲ ਮੁਕੰਮਲ ਹੋਣੀ ਸੀ ਪਰ ਇਸ ’ਚ ਹੁਣ ਹੋਰ ਦੇਰ ਹੋ ਗਈ ਹੈ| ਭਾਵੇਂ



ਭਵਾਨੀਗੜ੍ਹ ਤੋਂ ਗੁਲਜ਼ਾਰਪੁਰ ਠਰੂਆ ਤੱਕ ਇੱਕ ਪਾਸਾ ਨਾਜਾਇਜ਼ ਤੌਰ ’ਤੇ ਚੱਲ ਰਿਹਾ ਸੀ ਪਰ ਸੜਕ ਦੇ ਦੂਜੇ ਪਾਸੇ ਦੀ 15 ਫ਼ੀਸਦੀ ਉਸਾਰੀ ਬਾਕੀ ਸੀ। ਇਹ ਆਸ ਬੱਝੀ ਸੀ ਕਿ ਪਟਿਆਲਾ ਤੇ ਆਸ ਪਾਸ ਤੋਂ ਦਿੱਲੀ ਜਾਣ ਵਾਲੇ ਵਾਹਨਾਂ ਲਈ ਇਹ ਰਸਤਾ ਨੇੜੇ ਪਵੇਗਾ ਪਰ ਮਾਮਲਾ ਪੱਛੜ ਗਿਆ ਹੈ|

ਜਥੇਬੰਦੀ ਦੇ ਬਲਾਕ ਪਾਤੜਾਂ ਦੇ ਪ੍ਰਧਾਨ ਮਨਦੀਪ ਸਿੰਘ ਭੂਤਗੜ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ 2021 ਵਿੱਚ 14 ਲੱਖ 12 ਹਜ਼ਾਰ ਰੁਪਏ ਦੇ ਮਾਮੂਲੀ ਮੁੱਲ ’ਤੇ ਪਾਤੜਾਂ ਤਹਿਸੀਲ ਦੇ 11 ਪਿੰਡਾਂ ਦਾ ਇਕੱਠਾ ਐਵਾਰਡ ਕਰਕੇ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਕਰ ਲਈਆਂ ਸਨ। ਪ੍ਰਸ਼ਾਸਨ ਨੇ ਉਦੋਂ ਵਾਅਦਾ ਕੀਤਾ ਸੀ ਕਿ ਜ਼ਮੀਨਾਂ ਦਾ ਮੁੱਲ ਵਧਾਅ ਦਿੱਤਾ ਜਾਵੇਗਾ ਪ੍ਰੰਤੂ ਹਾਲੇ ਤੱਕ ਵਾਅਦਾ ਵਫ਼ਾ ਨਹੀ ਹੋਇਆ ਹੈ| ਐਕਸਪ੍ਰੈੱਸਵੇਅ ਦੇ ਚੱਲ ਰਹੇ ਇੱਕ ਪਾਸੇ ਦੇ ਰਾਹਗੀਰਾਂ ਨੂੰ ਨਹੀਂ ਰੋਕਿਆ ਗਿਆ ਅਤੇ ਸਿਰਫ਼ ਨੋਡਲ ਅਥਾਰਿਟੀ ਵੱਲੋਂ ਚੱਲ ਰਹੇ ਉਸਾਰੀ ਦੇ ਕੰਮ ਨੂੰ ਰੁਕਵਾਇਆ ਗਿਆ ਹੈ। ਧਰਨੇ ਦੌਰਾਨ ਕਿਸਾਨ ਆਗੂਆਂ ਜਗਜੀਤ ਸਿੰਘ ਗਲੌਲੀ, ਅਮਰਿੰਦਰ ਸਿੰਘ ਘੱਗਾ ਅਤੇ ਸੁਰਜੀਤ ਸਿੰਘ ਤੰਬੂਵਾਲਾ ਨੇ ਚਿਤਾਵਨੀ ਦਿੱਤੀ ਕਿ ਢੁਕਵਾਂ ਮੁਆਵਜ਼ਾ ਮਿਲਣ ਅਤੇ ਸਾਰੇ ਮਸਲਿਆਂ ਦੇ ਹੱਲ ਹੋਣ ਤੱਕ ਅੰਦੋਲਨ ਜਾਰੀ ਰੱਖਿਆ ਜਾਵੇਗਾ|

### ਕੰਮ ਹੋਰ ਪਿੱਛੇ ਪੈਣ ਦਾ ਖ਼ਦਸ਼ਾ: ਐੱਸ ਡੀ ਐੱਮ

ਪਾਤੜਾਂ ਦੇ ਐੱਸ ਡੀ ਐੱਮ ਅਸ਼ੋਕ ਕੁਮਾਰ ਨੇ ਕਿਹਾ ਕਿ ਕਿਸਾਨਾਂ ਨੇ ਐਕਸਪ੍ਰੈੱਸਵੇਅ ਦੇ ਇੱਕ ਹਿੱਸੇ ਦੀ ਚੱਲ ਰਹੀ ਉਸਾਰੀ ਰੁਕਵਾ ਦਿੱਤੀ ਹੈ| ਐਕਸਪ੍ਰੈੱਸਵੇਅ ਦੇ ਮੁਕੰਮਲ ਹੋਣ ਵੱਲ ਲੋਕਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ ਕਿਉਂਕਿ ਕਰੀਬ 10 ਫ਼ੀਸਦੀ ਹੀ ਉਸਾਰੀ ਕਾਰਜ ਬਾਕੀ ਸੀ ਪਰ ਹੁਣ ਇਹ ਕੰਮ ਹੋਰ ਪਛੜੇਗਾ। ਉਨ੍ਹਾਂ ਦੱਸਿਆ ਕਿ ਉੱਚ ਪ੍ਰਸ਼ਾਸਨ ਅਤੇ ਐਕਸਪ੍ਰੈੱਸਵੇਅ ਦੀ ਸਬੰਧਤ ਅਥਾਰਿਟੀ ਮਾਮਲੇ ਦੇ ਹੱਲ ਲਈ ਜੁਟੇ ਹੋਏ ਹਨ|

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਸੰਗਠਨ ਨਾਲ ਹੀ ਸਿਆਸੀ ਤਾਕਤ ਪ੍ਰਾਪਤ ਹੋਵੇਗੀ

21 ਜੁਲਾਈ, 1950 ਨੂੰ ਭਾਰਤ ਦੇ ਕਾਨੂੰਨ ਮੰਤਰੀ ਡਾਕਟਰ ਬਾਬਾਸਾਹਿਬ ਅੰਬੇਡਕਰ ਮਨਮਾਡ ਦੇ ਰਾਹੀਂ ਔਰੰਗਾਬਾਦ ਵਿੱਚ ਸਪੈਸ਼ਲ ਗੱਡੀ ਰਾਹੀਂ ਦੁਪਿਹਰ 1:30 ਵਜੇ ਪਹੁੰਚੇ। ਰੇਟੇਗਾਉ-ਲਾਸੂਰ ਵਿੱਚ ਕੋਈ ਗਿਣਤੀ ਵਿੱਚ ਲੋਕਾਂ ਨੇ ਆਦਰ ਅਤੇ ਭਗਤੀ ਭਾਵ ਨਾਲ ਡਾਕਟਰ ਬਾਬਾਸਾਹਿਬ ਦਾ ਸੁਆਗਤ ਕੀਤਾ। ਸਟੇਸ਼ਨ 'ਤੇ ਪੁਲੀਸ ਨੇ ਉਨ੍ਹਾਂ ਨੂੰ ਸਲਾਮੀ (Guard of



Honour) ਦਿੱਤੀ।

ਜਨਸਮੁਦਾਇਕ ਦਾ ਅਭਿਵਾਦਨ

ਮੇੜ ਦੀ 22 ਜੁਲਾਈ, 1950 ਨੂੰ ਡੌਕਟਰ ਬਾਬਾਸਾਹਿਬ ਅੰਬੇਡਕਰ ਰੁ. 2001 ਦੀ ਸਹਿਯੋਗ ਰਾਸੀ ਪ੍ਰਦਾਨ ਕਰਨ ਦੇ ਕਾਰਜਕ੍ਰਮ ਵਿੱਚ ਹਾਜ਼ਰ ਰਹਿਣਗੇ ਇਹ ਖਬਰ ਬਿਜਲੀ ਦੀ ਗਤੀ ਨਾਲ ਪੂਰੇ ਸ਼ਹਿਰ ਵਿੱਚ ਫੈਲੀ। ਸ਼ਹਿਰ ਦੇ ਅਤੇ ਬਾਹਰ ਦੇ ਵੀ ਹਜ਼ਾਰਾਂ ਮਰਦ ਅਤੇ ਮਹਿਲਾਵਾਂ ਦਸ ਵਜੇ ਤੋਂ ਹੀ ਸਭਾ ਸਥਾਨ 'ਚ ਆਉਣ ਲੱਗੇ। ਬਾਬਾਸਾਹਿਬ ਦੇ ਦਰਸ਼ਨ ਹੋਣਗੇ, ਬਾਬਾਸਾਹਿਬ ਦਾ ਭਾਸ਼ਣ ਵੀ ਸੁਣਨ ਨੂੰ ਮਿਲੇਗਾ ਇਸ ਵਿਚਾਰ ਵਿੱਚ ਲਿਪਿਤ ਕਈ ਮਹਿਲਾਵਾਂ ਨੂੰ ਆਪਣੇ ਬੱਚਿਆਂ ਦੀ ਵੀ ਸਾਰ ਨਹੀਂ ਰਹੀ। ਸਾਢੇ ਪੰਜ ਵਜੇ ਬਾਬਾਸਾਹਿਬ ਦੀ ਮੋਟਰ ਆਈ, ਤਦ ਅਨਗਿਣਤ ਮਹਿਲਾਵਾਂ ਨੇ ਦੂਰੋਂ ਹੀ ਭਗਤੀ ਭਾਵ ਨਾਲ ਬਾਬਾਸਾਹਿਬ ਨੂੰ ਨਮਨ ਕੀਤਾ। ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕੀਤੀ। ਇਸ ਮੌਕੇ 'ਤੇ ਅਨੁਸ਼ਾਸਨ ਬਣਾਈ ਰੱਖਣ ਲਈ ਚਾਲੀਸਗਾਉ ਦੇ ਮੁਨਾਜੀ ਲਲਿੰਗਕਰ ਅਤੇ ਹੰ. ਸ਼ੁ. ਨਿਕਮ ਨੇ ਆਰੰਗਾਬਾਦ ਦੇ ਕਾਰਕੁਨਾਂ ਦੀ ਸਹਾਇਤਾ ਕੀਤੀ।

ਸ਼੍ਰੀ ਕੰਨਡਕਰ ਮੋਰੇ ਦਾ ਨਿਵੇਦਨ

ਅਖਿਲ ਹੈਦਰਾਬਾਦ ਸਟੇਟ ਸ਼ਡਿਊਲਡ ਕਾਸਟਸ ਫੇਡਰੇਸ਼ਨ, ਆਰੰਗਾਬਾਦ ਦੀ ਤਰਫੋਂ ਸ਼੍ਰੀ ਬੀ. ਐੱਸ. ਮੋਰੇ ਕੰਨਡਕਰ ਨੇ ਸ਼ੁਰੂਆਤੀ ਔਪਚਾਰਿਕ ਭਾਸ਼ਣ ਦਿੱਤਾ। ਸੰਖੇਪ ਵਿੱਚ ਰਾਜ ਵਿੱਚ ਦਲਿਤਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਕਿਹਾ ਦਲਿਤ ਜਨਤਾ ਵਿੱਚ ਮੁਕਤੀ, ਪਿਆਰ ਅਤੇ ਸੁਵਿਚਾਰ ਦਾ ਜਾਗਰੂਕਤਾ ਪੈਦਾ ਕਰਕੇ ਦਲਿਤਾਂ-ਅਸਪ੍ਰਸ਼ਾਂ ਵਿੱਚ ਸੁਵਿਚਾਰ ਦੀ ਭਾਵਨਾ ਨੂੰ ਪੈਦਾ ਕਰਨ ਦਾ ਸ਼੍ਰੇਯ ਪੂਰੀ ਤਰ੍ਹਾਂ ਡਾਕਟਰ ਬਾਬਾਸਾਹਿਬ ਅੰਬੇਡਕਰ ਨੂੰ ਹੀ ਜਾਂਦਾ ਹੈ। ਕਿਸਾਨ, ਮਜ਼ਦੂਰ ਅਤੇ ਅਸਪ੍ਰਸ਼ਾਂ ਦਾ ਉੱਧਾਰ ਡਾਕਟਰ ਬਾਬਾਸਾਹਿਬ ਦੇ ਇਲਾਵਾ ਕਿਸੇ ਹੋਰ ਤੋਂ ਹੋਣ ਵਾਲਾ ਨਹੀਂ ਹੈ ਇਸ ਗੱਲ ਦਾ ਪਤਾ ਸਭ ਨੂੰ ਲੱਗ ਚੁੱਕਾ ਹੈ ਉਨ੍ਹਾਂ ਨੇ ਕਿਹਾ। ਆਖ਼ਰ ਵਿੱਚ 2001 ਰੁਪਿਆਂ ਦੀ ਥੈਲੀ ਡਾਕਟਰ ਬਾਬਾਸਾਹਿਬ ਅੰਬੇਡਕਰ ਨੂੰ ਸਤਿਕਾਰ ਨਾਲ ਭੇਂਟ ਕੀਤੀ ਗਈ।

ਬਾਅਦ ਵਿੱਚ ਡਾਕਟਰ ਬਾਬਾਸਾਹਿਬ ਅੰਬੇਡਕਰ ਤਾਲੀਆਂ ਦੀ ਗੜਗੜਾਹਟ ਦੇ ਵਿੱਚ ਬੋਲਣ ਲਈ ਉਠੇ। ਕਿਹਾ-

ਮੇਰੇ ਮਿਤਰੋ, ਭੈਣੋਂ ਅਤੇ ਭਾਈਓ

ਸਾਰੇ ਲੋਕਾਂ ਨੇ ਮਿਲ ਕੇ ਜੋ ਥੈਲੀ ਅਰਪਿਤ ਕੀਤੀ ਹੈ ਉਸ ਲਈ ਮੈਂ ਤੁਹਾਨੂੰ ਧੰਨਵਾਦ ਦਿੰਦਾ ਹਾਂ। ਥੈਲੀ ਅਰਪਿਤ ਕਰਨ ਦੀ ਕੋਈ ਵਜ੍ਹਾ ਨਹੀਂ ਸੀ। ਕਿਸੇ ਪ੍ਰਲੋਭਨ ਕਾਰਨ ਮੈਂ ਕਦੇ ਭੀ ਸੇਵਾ ਨਹੀਂ ਕੀਤੀ। ਤੁਹਾਡੇ ਸਾਰਿਆਂ ਦੀ ਕੁਝ ਨਾ ਕੁਝ ਸੇਵਾ ਕਰਨਾ ਮੇਰਾ ਨੈਤਿਕ ਫਰਜ਼ ਹੈ। ਥੈਲੀਆਂ ਰਾਹੀਂ ਮੈਨੂੰ ਜੋ ਥੋੜਾ ਬਹੁਤਾ ਪੈਸਾ ਮਿਲਦਾ ਹੈ, ਉਸਨੂੰ ਮੈਂ ਆਪਣੇ ਉੱਤੇ ਖਰਚ ਨਹੀਂ ਕੀਤਾ। ਗਾਂਧੀ ਨੂੰ ਕੁਝ ਕਰੋੜ ਰੁਪਿਆਂ ਦੀਆਂ ਥੈਲੀਆਂ ਦਿੱਤੀਆਂ ਗਈਆਂ। ਤਿਲਕ ਨੂੰ ਨੌ ਲੱਖ ਰੁਪਿਆਂ ਦੀਆਂ ਥੈਲੀਆਂ ਦਿੱਤੀਆਂ ਗਈਆਂ। ਸਾਡੀ ਗੱਲ ਉਨ੍ਹਾਂ ਵਰਗੀ ਬਿਲਕੁਲ ਨਹੀਂ ਹੈ।

ਮੇਰੀ ਵੱਲੋਂ ਤੁਹਾਡੀ ਨਿਸ਼ਕਾਮ ਮਨਾਂ ਤੋਂ ਸੇਵਾ ਹੋਣੀ ਚਾਹੀਦੀ ਹੈ, ਬੱਸ ਇਹੀ ਮੇਰੀ ਇੱਛਾ ਹੈ। ਆਪਣੇ ਭਾਸ਼ਣ ਵਿੱਚ ਮੇਰੇ ਮਿੱਤਰ ਆਯੁ. ਬੀ. ਐਸ. ਮੋਰੇ ਨੇ ਜੋ ਗੱਲਾਂ ਦੱਸੀਆਂ ਉਹ ਰੌਂਗਟੇ ਖੜੇ ਕਰ ਦੇਣ ਵਾਲੀਆਂ ਹਨ। ਪਹਿਲਾਂ ਦੀਆਂ ਸਥਿਤੀਆਂ ਅਤੇ ਹੁਣ ਦੀਆਂ ਸਥਿਤੀਆਂ ਵਿੱਚ ਜ਼ਮੀਨ-ਆਸਮਾਨ ਦਾ ਫਰਕ ਹੈ। ਜਦੋਂ ਮੈਂ ਸਾਥੀਆਂ ਨਾਲ ਦੌਲਤਾਬਾਦ ਦਾ ਕਿਲਾ ਵੇਖਣ ਆਇਆ ਸੀ, ਉਸ ਦੌਰਾਨ ਮੇਰੇ ਮਿੱਤਰ ਪਾਣੀ ਪੀਣ ਲਈ ਹੌਜ ਤੇ ਗਏ ਅਤੇ ਪਾਣੀ ਪੀਣ ਲੱਗੇ। ਉਸ ਵੇਲੇ 15-20 ਸਾਲ ਦੇ ਇੱਕ ਮੁਸਲਮਾਨ ਬੱਚੇ ਨੇ ਸਾਡੇ ਉੱਤੇ ਗਾਲਾਂ ਦੀ ਵਰਖਾ ਕੀਤੀ ਸੀ।

ਉਸ ਸਮੇਂ, ਲੋਕਾਂ ਨੇ ਜਦੋਂ ਵੇਖਿਆ ਕਿ ਅਸੀਂ ਆਰੰਗਾਬਾਦ ਆਏ ਹਾਂ, ਤਾਂ ਉਹਨਾਂ ਨੇ ਭਜਨ ਗਾ ਕੇ ਜਗਰਾਤਾ ਕੀਤਾ। ਇਸ ਦੌਰਾਨ ਤੁਸੀਂ ਸੋਚਦੇ ਹੋ ਕਿ ਅਨਿਆਂ ਸਹਿਣਾ ਹੀ ਸਾਡਾ ਭਾਗ ਹੈ। ਸਵਾਗਤ ਹੋਣ ਦੇ ਸ਼ੁਰੂਆਤੀ ਵਾਰਤਾਲਾਪ ਤੋਂ ਅਜਿਹਾ ਹੀ ਲੱਗਦਾ ਹੈ ਕਿ ਅਜੇ ਵੀ ਨਿਜਾਮਸ਼ਾਹੀ ਦੀ ਛਾਇਆ ਬਾਕੀ ਹੈ। ਆਉਣ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ



ਵਾਲੀ ਰਾਜਨੀਤੀ ਵਿੱਚ ਤੁਹਾਨੂੰ ਕੁਝ ਵੱਡੀ ਭਾਗੀਦਾਰੀ ਮਿਲਣ ਵਾਲੀ ਹੈ। ਰਾਜ ਵਿੱਚ ਹੁਣ ਤੁਹਾਡੀ ਜਨਸੰਖਿਆ 25 ਫੀਸਦੀ ਹੋ ਚੁੱਕੀ ਹੈ। ਸਰਕਾਰ ਵਿੱਚ ਹੁਣ ਅਸੀਂ ਵੀ ਸ਼ਾਮਿਲ ਹੋਵਾਂਗੇ। ਪੁਰਾਣਾ ਸਮਾਂ ਹੁਣ ਬੀਤ ਚੁੱਕਾ ਹੈ। ਆਉਣ ਵਾਲਾ ਸਮਾਂ ਉਜਵਲ ਹੈ। ਤੁਹਾਨੂੰ ਲੋਕਤੰਤਰਿਕ ਤਾਕਤ ਮਿਲਣ ਵਾਲੀ ਹੈ। ਸੰਗਠਨ ਨੂੰ ਇਹ ਤਾਕਤ ਮਿਲੇਗੀ। ਤੁਹਾਨੂੰ ਬਹੁਤੇ ਨੇਤਾਵਾਂ ਦੀ ਜ਼ਰੂਰਤ ਨਹੀਂ। ਜੋ ਨੇਤਾ ਹਨ, ਉਨ੍ਹਾਂ ਦੀ ਗੱਲ ਮੰਨ ਲਓ।

ਜਦੋਂ ਪਾਣੀ ਮੈਦਾਨ ਵਿੱਚ ਗਿਰਦਾ ਹੈ ਤਾਂ ਉਹ ਫੈਲ ਜਾਂਦਾ ਹੈ। ਜਦੋਂ ਟੋਇਆਂ ਵਿੱਚ ਗਿਰਦਾ ਹੈ ਤਾਂ ਉਥੇ ਇਕੱਠਾ ਹੋ ਜਾਂਦਾ ਹੈ। ਉਸੇ ਤਰ੍ਹਾਂ ਤੁਹਾਨੂੰ ਇੱਕ ਟੀਮ ਬੰਣ ਕੇ ਸ਼ੇਡਿਊਲਡ ਕਾਸਟਸ ਫੈਡਰੇਸ਼ਨ ਦੇ ਝੰਡੇ ਹੇਠ ਇਕੱਠਾ ਹੋਣਾ ਹੈ। ਤੁਹਾਨੂੰ ਵੀ ਮਨੁੱਖ ਹੋਣ ਦਾ ਹੱਕ ਅਧਿਕਾਰ ਹੈ। ਜੇ ਕੋਈ ਉਸ ਹੱਕ ਨੂੰ ਖੋਹ ਲੈਂਦਾ ਹੈ, ਤਾਂ ਉਸ ਦੇ ਖਿਲਾਫ ਤੁਹਾਨੂੰ ਦੇਸ਼ ਦੀ ਸੁਪਰੀਮ ਕੋਰਟਵਿੱਚ ਗੁਹਾਰ ਲਾਉਣ ਦਾ ਹੱਕ ਹੈ, ਜਿੱਥੇ ਤੁਸੀਂ ਜਾ ਸਕਦੇ ਹੋ। ਇਸ ਲਈ ਡਰਨਾ ਨਹੀਂ ਅਤੇ ਇੱਕਠੇ ਹੋ ਕੇ ਲੜੋ। ਅੱਜ ਮੈਂ ਬੱਸ ਇਹੀ ਤੁਹਾਡੇ ਨਾਲ ਕਹਿਣਾ ਚਾਹੁੰਦਾ ਹਾਂ।

2001 ਰੁ. ਦੀ ਸਹਿਯੋਗ ਰਾਸ਼ੀ ਦੀ ਥੈਲੀ ਡਾ. ਬਾਬਾਸਾਹੇਬ ਨੇ ਆਯੁ. ਸੁੱਬਿਆ ਸੋਹਨ ਨੂੰ ਅਗਲੇ ਚੋਣ ਵਿੱਚ ਖਰਚ ਕਰਨ ਲਈ ਦਿੱਤੀ ਅਤੇ ਜੈਕਾਰਿਆਂ ਦੇ ਨਾਲ ਸਭਾ ਖਤਮ ਹੋ ਗਈ।

# ਮੁੱਖ ਵਿਰੋਧਤਾਈ ਅਤੇ ਉਪ ਵਿਰੋਧਤਾਈਆਂ ਵਿੱਚ ਫਰਕ ਨਹੀਂ ਸਮਝ ਸਕੇ ਬਹੁਤ ਸਾਰੇ ਪੰਜਾਬੀ - ਡਾ. ਸਵਰਾਜ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com



ਸੰਗਰੂਰ,4 ਜਨਵਰੀ (ਜਗਸੀਰ ਸਿੰਘ)-

ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਡਾ. ਤੇਜਵੰਤ ਮਾਨ ਸਾਹਿਤ ਰਤਨ ਦੇ ਜਨਮ ਦਿਵਸ ਦੇ ਅਵਸਰ ਤੇ ਪੁਸਤਕ ਲੋਕ ਅਰਪਣ ਸਮਾਰੋਹ ਦਾ ਆਯੋਜਨ ਕੀਤਾ ਗਿਆ। ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਵਿੰਚ ਪ੍ਰੋ. ਸ਼ੇਰ ਸਿੰਘ ਕੰਵਲ ਯੂ.ਐਸ.ਏ. ਦੀ ਪੁਸਤਕ "ਤਿਲ੍ਹਫੁੱਲ" ਲੋਕ ਅਰਪਣ ਕੀਤੀ ਗਈ ਅਤੇ ਤਿੰਨ ਖੋਜ ਪੱਤਰ ਪੇਸ਼ ਕੀਤੇ ਗਏ। ਡਾ. ਜਗਦੀਪ ਕੌਰ ਅਹੂਜਾ, ਜੋਗਿੰਦਰ ਕੌਰ ਅਗਨੀਹੋਤਰੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਪੇਪਰ ਪੜ੍ਹੇ ਅਤੇ ਡਾ. ਤੇਜਾ ਸਿੰਘ ਤਿਲਕ ਦਾ ਪੇਪਰ ਸੁਰਿੰਦਰਪਾਲ ਕੌਰ ਰਸੀਆ ਨੇ ਪੜ੍ਹਿਆ ਇਨ੍ਹਾਂ ਪੇਪਰਾਂ ਰਾਹੀਂ ਸ਼ੇਰ ਸਿੰਘ ਕੰਵਲ ਦੀ ਕਵਿਤਾ ਦੇ ਵਿਸ਼ੇ ਅਤੇ ਰੂਪਕ ਪੱਖ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਅਵਸਰ ਤੇ ਮੁੱਖ ਵਕਤ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕਿਹਾ ਕਿ "ਪ੍ਰੋਫੈਸਰ ਸ਼ੇਰ ਸਿੰਘ ਕੰਵਲ ਦੀ ਪੰਜਾਬ ਪ੍ਰਤੀ ਪ੍ਰਤੀਬੱਧਤਾ ਅਤੇ ਸਮੱਰਪਣ ਤੇ ਕੋਈ ਸਵਾਲ ਨਹੀਂ ਉਠਾਇਆ ਜਾ ਸਕਦਾ। ਉਨ੍ਹਾਂ ਨੇ ਬਹੁਤ ਸ਼ਿੱਦਤ ਨਾਲ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਮੁੱਖ ਤੌਰ ਤੇ ਬਾਦਲ ਪਰਿਵਾਰ ਅਤੇ ਕੇਂਦਰ ਦੀਆਂ ਪੰਜਾਬ ਪ੍ਰਤੀ ਵਿਤਕਰੇ ਵਾਲੀਆਂ ਨੀਤੀਆਂ ਨੂੰ ਇਨ੍ਹਾਂ ਲਈ ਜਿੰਮੇਵਾਰ ਠਹਿਰਾਇਆ ਹੈ। ਬਹੁਤ ਸਾਰੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਅਜਿਹਾ ਹੀ ਸੋਚਦੇ ਹਨ। ਪ੍ਰੰਤੂ ਅਜੋਕਾ ਯੁੱਗ ਸਾਮਰਾਜ ਦਾ ਯੁੱਗ ਹੈ ਅਤੇ ਗਲੋਬਲਾਈਜੇਸ਼ਨ (ਸੰਸਾਰੀਕਰਨ) ਸਾਮਰਾਜ ਦੀ ਸਭ ਤੋਂ ਉਪਰਲੀ ਅਵਸਥਾ ਹੈ। ਅਮਰੀਕਾ ਇਸ ਸਾਮਰਾਜ ਸੰਸਾਰੀਕਰਨ ਦਾ ਅਣ ਐਲਾਨਿਆ ਰਾਜਾ ਹੈ, ਇਸ ਲਈ ਅਜੋਕੇ ਸੰਸਾਰ ਦੀ ਮੁੱਖ ਵਿਰੋਧਤਾਈ ਅਮਰੀਕੀ ਸਾਮਰਾਜ ਅਤੇ ਸੰਸਾਰ ਦੇ ਲੋਕਾਂ ਵਿੱਚ ਹੈ। ਬਾਕੀ ਸਭ ਵਿਰੋਧਤਾਈਆਂ ਉਪ ਵਿਰੋਧਤਾਈਆਂ ਹਨ। ਬਾਦਲ ਪਰਿਵਾਰ ਅਤੇ ਦਿੱਲੀ ਦੀਆਂ ਸਰਕਾਰਾਂ ਵੀ ਅਮਰੀਕੀ ਸਾਮਰਾਜ ਤੋਂ ਪੂਰੀ ਤਰ੍ਹਾਂ ਅਜ਼ਾਦ ਨਹੀਂ ਹਨ। ਪੰਜਾਬ ਵਿੱਚ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਅਮੀਰ ਕਿਸਾਨੀ ਅਮੀਰੀਕੀ ਸਾਮਰਾਜ ਨਾਲ ਗੱਠਜੋੜ ਕਰਕੇ ਸਰਮਾਏਦਾਰੀ ਜਮਾਤ ਬਣ ਗਈ ਹੈ, ਪ੍ਰੰਤੂ ਇਸ ਦਾ ਪੱਧਰ ਬਹੁਤ ਘਟੀਆ ਹੈ ਅਤੇ ਇਸ ਨੂੰ ਉਜੱਡ ਸਰਮਾਏਦਾਰੀ ਵੀ ਕਿਹਾ ਜਾ ਸਕਦਾ ਹੈ। ਵਿਦੇਸ਼ਾਂ ਵਿੱਚ ਵੀ ਪਹਿਲਾਂ ਪੰਜਾਬੀ ਭਾਈਚਾਰੇ ਦੀ ਅਗਵਾਈ ਮੁੱਖ ਤੌਰ ਤੇ ਕਿਰਤੀ ਜਮਾਤ ਕਰ ਰਹੀ ਸੀ, ਪ੍ਰੰਤੂ ਹੁਣ ਉਥੇ ਪੰਜਾਬੀਆਂ ਵਿੱਚ ਵੀ ਸਰਮਾਏਦਾਰੀ ਜਮਾਤ ਪੈਦਾ ਹੋ ਚੁੱਕੇ, ਜੋ ਭਾਰੂ ਹੋ ਚੁੱਕੀ ਹੈ, ਪ੍ਰੰਤੂ ਇਸਦਾ ਪੱਧਰ ਵੀ ਪੰਜਾਬੀ ਦੀ ਉਜੱਡ ਸਰਮਾਏਦਾਰੀ ਵਰਗਾ ਹੀ ਹੈ, ਇਨ੍ਹਾਂ ਕੋਲ ਕੋਈ ਵਿਸ਼ਵਦ੍ਰਿਸ਼ਟੀ ਨਹੀਂ ਹੈ। ਇਹ ਮੁੱਖ ਤੌਰ ਤੇ ਪੰਜਾਬੀ ਲੋਕਾਂ ਦੇ ਹਿੱਤਾਂ ਦੀ ਬਜਾਏ ਅਮਰੀਕੀ ਹਿੱਤ ਹੀ ਪੂਰ ਰਹੀਆਂ ਹਨ। ਇਸ ਖਿੱਤੇ ਵਿੱਚ ਅਸੀਂ ਦੇਖਿਆ ਹੈ ਕਿ ਕਿਵੇਂ ਅਮਰੀਕੀ ਸਾਮਰਾਜ ਯੁਕਰੇਨ ਦੇ ਗਰੀਨ ਰੈਵੋਲਿਊਸ਼ਨ ਦੀ ਤਰ੍ਹਾਂ ਸਿਰਫ ਹੁਲੱੜਬਾਜੀ ਅਤੇ ਅਰਾਜਕਤਾ ਹੀ ਫੈਲਾਈ। ਫਿਰ ਸ਼੍ਰੀਲੰਕਾ ਅਤੇ ਨੇਪਾਲ ਵਿੱਚ ਹੁੱਲੜਬਾਜੀ ਅਤੇ ਅਰਾਜਕਤਾ ਫੈਲਾਈ ਗਈ ਅਤੇ ਹੁਣ ਬੰਗਾਲਦੇਸ਼ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਜ਼ਾਹਿਰ ਹੈ ਕਿ ਪੰਜਾਬ ਦੀ ਉਜੱਡ ਸਰਮਾਏਦਾਰੀ ਅਤੇ ਵਿਦੇਸ਼ਾਂ ਵਿੱਚ ਘਟੀਆ ਪੱਧਰ ਦੀ ਸਰਮਾਏਦਾਰੀ ਅਮਰੀਕੀ ਸਾਮਰਾਜ ਦੀਆਂ ਚਾਲਾਂ ਸਮਝਣ ਦੇ ਕਾਬਲ ਨਹੀਂ ਹਨ। ਉਹ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਸਾਰੀ ਨਿਸ਼ਾਨਦੇਹੀ ਨਹੀਂ ਕਰ ਸਕਦੀਆਂ। ਇਹ ਜਿੰਮੇਵਾਰੀ ਬੌਧਿਕ ਵਰਗ ਦੀ ਹੈ ਕਿ ਉਹ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਸਾਰੀ ਨਿਸ਼ਾਨਦੇਹੀ ਕਰਕੇ ਲੋਕਾਂ ਨੂੰ ਯੋਗ ਬੌਧਿਕ ਅਗਵਾਈ ਦੇਣ।" ਡਾ. ਭਗਵੰਤ ਸਿੰਘ ਨੇ ਅਜੋਕੇ ਦੌਰ ਵਿੱਚ ਬੌਧਿਕ ਕੰਗਾਲੀ ਦੀ ਗੱਲ ਕਰਦੇ ਹੋਏ ਡਾ. ਤੇਜਵੰਤ ਮਾਨ ਦੀ ਸਖਸ਼ੀਅਤ ਬਾਰੇ ਚਾਨਣਾ ਪਾਇਆ ਅਤੇ ਪ੍ਰੋ. ਸ਼ੇਰ ਸਿੰਘ ਕੰਵਲ ਦੀ ਪੁਸਤਕ ਤਿੱਲਫੁੱਲ ਬਾਰੇ ਸੰਖੇਪ ਜਾਣਕਾਰੀ ਦਿੱਤੀ। ਡਾ. ਤੇਜਵੰਤ ਮਾਨ ਸਾਹਿਤ ਰਤਨ ਨੇ ਕਿਹਾ ਕਿ ਆਲੋਚਨਾ ਲਈ ਦਿਸ਼ਾ ਨਿਰਧਾਰਿਤ ਹੋਣੀ ਚਾਹੀਦੀ ਹੈ। ਜਨਮ ਦਿਨ ਲੇਖਕਾਂ ਵਿੱਚ ਬੈਠ ਕੇ ਮਨਾਇਆ ਜਾਣਾ ਚਾਹੀਦਾ ਹੈ ਜੋ ਕਿ ਬਹੁਤ ਮਹੱਤਵਪੂਰਨ ਹੈ। ਅੱਜ ਪੰਜਾਬੀ ਸਾਹਿਤ ਸਭਾ ਸੰਗਰੂਰ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਰਵਾਇਤ ਨੂੰ ਕਾਇਮ ਰੱਖਿਆ ਹੈ। ਇਸ ਵਿੱਚ ਉੱਧ ਪੱਧਰੀ ਵਿਚਾਰਾਂ ਹੋਈਆਂ ਹਨ। ਉਨ੍ਹਾਂ ਨੇ ਹੋਰ ਕਿਹਾ ਕਿ ਆਪਣੀ ਹੋਂਦ ਬਰਕਰਾਰ ਰੱਖਣ ਲਈ ਲੋਕਾਂ ਵਿੱਚ ਵਿਚਰਨ ਲਈ ਇਹ ਨਿਰਧਾਰਿਤ ਕਰਨਾ ਬਣਦਾ ਹੈ ਕਿ ਕੀ ਅਸੀਂ ਉਨ੍ਹਾਂ ਲੋਕਾਂ ਦਾ ਸਾਥ ਦੇ ਰਹੇ ਹਾਂ ? ਚਰਚਾ ਹਰੇਕ ਚਾਹੁੰਦਾ ਹੈ, ਪਰ ਚਰਚਾ ਉਸਦੀ ਹੋਵੇਗੀ ਜੋ ਲੋਕਾਂ ਦੇ ਰਾਹ ਦੀ ਗੱਲ ਹੋਵੇ। ਜਨਮ ਦਿਨ ਘਰ ਵਿੱਚ ਮਨਾਇਆ ਜਾ ਸਕਦਾ ਹੈ, ਪਰ ਲੇਖਕਾਂ ਅਤੇ ਵਿਦਿਆਰਥੀਆਂ ਵਿੱਚ ਬੈਠ ਕੇ ਮਨਾਉਣਾ ਸਾਰਥਿਕ ਲਗਦਾ ਹੈ। ਇਸ ਲਈ ਵਿਚਾਰਧਾਰਾ ਨਾਲ ਜਨਮ ਦਿਨ ਜੋੜੇ ਨਾ ਕਿ ਪਦਾਰਥਾਂ ਨਾਲ।

ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਕਿਹਾ ਕਿ ਅੱਜ ਦੀ ਸਾਰਥਿਕ ਬਹਿਸ ਵਿੱਚ ਬਹੁਤ ਉਪਯੋਗੀ ਸਿੱਟੇ ਨਿੱਕਲੇ ਹਨ। ਪ੍ਰਬੰਧਕ ਵਧਾਈ ਦੇ ਹੱਕਦਾਰ ਹਨ। ਕਾਮਰੇਡ ਬਸ਼ੇਸ਼ਰ ਰਾਮ, ਡਾ. ਭਗਵੰਤ ਸਿੰਘ, ਡਾ. ਨਰਵਿੰਦਰ ਸਿੰਘ ਕੌਸ਼ਲ, ਜਗਦੀਪ ਸਿੰਘ ਗੰਧਾਰਾ, ਗੁਰਨਾਮ ਸਿੰਘ, ਅਮਰਗਰਗ ਕਲਮਦਾਨ, ਕਮਲਜੀਤ ਟਿੱਬਾ, ਨਿਹਾਲ ਸਿੰਘ ਮਾਨ, ਸੁਰਿੰਦਰਪਾਲ ਸਿੰਘ ਸਿਦਕੀ ਨੇ ਵਿਚਾਰ ਚਰਚਾ ਵਿੱਚ ਭਾਗ ਲੈਂਦੇ ਹੋਏ ਡਾ. ਤੇਜਵੰਤ ਮਾਨ ਅਤੇ ਕੰਵਲ ਦੀ ਵਿਚਾਰਧਾਰਾ ਬਾਰੇ ਵਧੀਆ ਸੰਵਾਦ ਰਚਾਇਆ। ਡਾ. ਪ੍ਰੇਮ ਖੋਸਲਾ ਨੇ ਡਾ. ਮਾਨ ਬਾਰੇ ਸਾਰਥਕ ਟਿੱਪਣੀ ਨੇ ਸਭ ਦਾ ਧਿਆਨ ਖਿੱਚਿਆ, "ਕਰੂਡ, ਲਾਊਡ, ਡੰਗ ਮਾਰਨ ਵਾਲਾ ਲੇਖਣ ਤੇਜਵੰਤ ਮਾਨ ਦੇ ਹਿੱਸੇ ਆਉਂਦਾ ਹੈ ਜਾਂ ਸਆਦਤ ਹਸਨ ਮੰਟੋ ਦੇ, ਅਤੇ ਇਹੀ ਗੱਲ ਗੁਰੂ ਨਾਨਕ ਦੀ ਬਾਣੀ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਅਤੇ ਅਸ਼ਟਾਵਕਰ ਗੀਤਾ ਤੇ ਲਾਗੂ ਹੁੰਦੀ ਹੈ। ਮੈਕਸਿਮ ਗੋਰਕੀ ਦੀ ਕਹਾਣੀ ਇੱਕ ਪਾਠਕ ਵਿਚਲੇ ਆਲੋਚਕ ਦਾ ਕਿਰਦਾਰ ਤੇਜਵੰਤ ਮਾਨ ਨੇ ਹਮੇਸ਼ਾ ਹੰਢਾਇਆ ਹੈ।

ਇਸ ਮੌਕੇ ਕਵੀ ਦਰਬਾਰ ਵਿੱਚ ਮੀਤ ਸਕਰੌਦੀ, ਗੁਲਜ਼ਾਰ ਸ਼ੌਂਕੀ, ਸੁਰਿੰਦਰ ਸ਼ਰਮਾ ਨਾਗਰਾ, ਅਮਰਜੀਤ ਸਿੰਘ ਅਮਨ, ਡਾ. ਜਗਦੀਪ ਕੌਰ, ਜੋਗਿੰਦਰ ਕੌਰ ਅਗਨੀਹੋਤਰੀ, ਦੇਸ਼ ਭੂਸ਼ਨ, ਗੁਰਜਿੰਦਰ ਸਿੰਘ ਰਸੀਆ, ਸੁਰਿੰਦਰਪਾਲ ਕੌਰ ਰਸੀਆ, ਕੁਲਵੰਤ ਕਸਕ, ਕੈਪਟਨ ਹਰਕੇਸ਼ ਸਿੰਘ, ਜੋਰਾ ਸਿੰਘ ਮੰਡੇਰ, ਬਲਜਿੰਦਰ ਈਲਵਾਲ, ਸੁਰਿੰਦਰਪਾਲ ਸਿੰਘ ਸਿਦਕੀ, ਗੁਰੀ ਚੰਦੜ, ਗੁਰਨਾਮ ਸਿੰਘ, ਜਤਿੰਦਰ ਮੋਹਨ, ਸੁਖਦਰਸ਼ਨ ਸਿੰਘ ਢਿੱਲੋਂ, ਪਰਮਿੰਦਰ ਸਿੰਘ, ਡਾ. ਰਾਜੀਵ ਪੁਰੀ ਨੇ ਪੁਰ ਖਸੂਸ ਅੰਦਾਜ ਵਿੱਚ ਰਚਨਾਵਾਂ ਸੁਣਾਈਆਂ।

ਸ੍ਰੀ ਜੈਤੇਗ ਸਿੰਘ ਅਨੰਤ ਅਤੇ ਬਲਬੀਰ ਜਲਾਲਾਬਾਦੀ ਦੇ ਅਚਾਨਕ ਵਿਛੋੜੇ ਤੇ ਦੋ ਮਿੰਟ ਦਾ ਮੌਨ ਧਾਰਿਆ ਗਿਆ ਅਤੇ ਸੁਰਿੰਦਰ ਸ਼ਰਮਾ ਨਾਗਰਾ ਦੀ ਪੁਸਤਕ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੋਣ ਤੇ ਵਧਾਈ ਦਿੱਤੀ। ਗੁਰਨਾਮ ਸਿੰਘ ਨੇ ਮੰਚ ਸੰਚਾਲਨਾ ਕੀਤੀ। ਜਗਦੀਪ ਸਿੰਘ ਗੰਧਾਰਾ ਨੇ ਧੰਨਵਾਦ ਕੀਤਾ।

# ਭਾਰਤ–ਬੰਗਲਾਦੇਸ਼ ਸਬੰਧਾਂ ਦਾ ਬਦਲਦਾ ਰੂਪ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com

ਭਾਰਤ ਅਤੇ ਬੰਗਲਾਦੇਸ਼ ਦੇ ਸਬੰਧ 1971 ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਨਾਲ ਸ਼ੁਰੂ ਹੋਏ। ਉਸ ਸਮੇਂ ਭਾਰਤ ਨੇ ਪਾਕਿਸਤਾਨ ਦੇ ਖ਼ਿਲਾਫ਼ ਜੰਗ ਵਿੱਚ ਬੰਗਲਾਦੇਸ਼ ਦਾ ਖੁੱਲ੍ਹ ਕੇ ਸਮਰਥਨ ਕੀਤਾ। ਇਹ ਸਹਾਇਤਾ ਬੰਗਲਾਦੇਸ਼ ਦੇ ਲੋਕਾਂ ਲਈ ਇਤਿਹਾਸਕ ਸੀ ਅਤੇ ਇਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਦੋਸਤੀ ਦੀ ਮਜ਼ਬੂਤ ਨੀਂਹ ਪਈ। ਆਜ਼ਾਦੀ ਤੋਂ ਬਾਅਦ ਭਾਰਤ ਨੂੰ ਬੰਗਲਾਦੇਸ਼ ਦਾ ਸਭ ਤੋਂ ਨੇੜਲਾ ਅਤੇ ਭਰੋਸੇਯੋਗ ਮਿੱਤਰ ਮੰਨਿਆ ਗਿਆ।

ਪਰ ਸਮੇਂ ਦੇ ਨਾਲ ਇਹ ਸਬੰਧ ਸਿਰਫ਼ ਦੋਸਤੀ ਤੱਕ ਸੀਮਿਤ ਨਹੀਂ ਰਹੇ ਅਤੇ ਇਨ੍ਹਾਂ ਵਿੱਚ ਤਣਾਅ ਵੀ ਸ਼ਾਮਲ ਹੋਣ ਲੱਗਾ। ਭਾਰਤ ਨੇ ਲੰਮੇ ਸਮੇਂ ਤੱਕ ਬੰਗਲਾਦੇਸ਼ ਵਿੱਚ ਸ਼ੇਖ ਹਸੀਨਾ ਅਤੇ ਉਨ੍ਹਾਂ ਦੀ ਪਾਰਟੀ ਆਵਾਮੀ ਲੀਗ ਦਾ ਸਮਰਥਨ ਕੀਤਾ। ਭਾਰਤ ਨੂੰ ਲੱਗਦਾ ਸੀ ਕਿ ਇਹ ਪਾਰਟੀ ਖੇਤਰ ਦੀ ਸਥਿਰਤਾ ਲਈ ਲਾਭਕਾਰੀ ਹੈ ਅਤੇ ਭਾਰਤ ਨਾਲ ਸਹਿਯੋਗ ਬਣਾਈ ਰੱਖੇਗੀ। ਇਸ ਕਾਰਨ ਭਾਰਤ ਨੇ ਬੰਗਲਾਦੇਸ਼ ਦੀ ਅੰਦਰੂਨੀ ਰਾਜਨੀਤੀ ਵਿੱਚ ਹੋਰ ਧਾਰਾਵਾਂ ਵੱਲ ਘੱਟ ਧਿਆਨ ਦਿੱਤਾ।ਇਸ ਨੀਤੀ ਦਾ ਨਤੀਜਾ ਇਹ ਨਿਕਲਿਆ ਕਿ ਬੰਗਲਾਦੇਸ਼ ਦੀਆਂ ਕਈ ਰਾਜਨੀਤਿਕ ਪਾਰਟੀਆਂ ਅਤੇ ਆਮ ਲੋਕਾਂ ਵਿੱਚ ਇਹ ਭਾਵਨਾ ਪੈਦਾ ਹੋਈ ਕਿ ਭਾਰਤ ਸਿਰਫ਼ ਇੱਕ ਪੱਖ ਦਾ ਸਾਥ ਦੇ ਰਿਹਾ ਹੈ। ਸਮੇਂ ਦੇ ਨਾਲ ਇਹ ਸੋਚ ਅਵਿਸ਼ਵਾਸ ਵਿੱਚ ਬਦਲ ਗਈ। ਸਰਹੱਦੀ ਮੁੱਦੇ, ਗੈਰਕਾਨੂੰਨੀ ਪ੍ਰਵਾਸ, ਪਾਣੀ ਦੀ ਵੰਡ ਅਤੇ ਸੁਰੱਖਿਆ ਵਰਗੇ ਮਸਲਿਆਂ ਨੇ ਵੀ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੜਵਾਹਟ ਪੈਦਾ ਕੀਤੀ।2024 ਵਿੱਚ ਬੰਗਲਾਦੇਸ਼ ਵਿੱਚ ਹੋਏ ਵੱਡੇ ਪੱਧਰ ਦੇ ਲੋਕ ਅੰਦੋਲਨ ਨੇ ਇਸ ਅਵਿਸ਼ਵਾਸ ਨੂੰ ਖੁੱਲ੍ਹ ਕੇ ਸਾਹਮਣੇ ਲਿਆ ਦਿੱਤਾ। ਲੋਕਾਂ ਨੇ ਸਿਰਫ਼ ਸਰਕਾਰ ਦੇ ਖ਼ਿਲਾਫ਼ ਹੀ ਨਹੀਂ, ਸਗੋਂ ਉਸ ਪੂਰੀ ਪ੍ਰਣਾਲੀ ਦੇ ਖ਼ਿਲਾਫ਼ ਆਵਾਜ਼ ਉਠਾਈ ਜਿਸਨੂੰ ਉਹ ਭਾਰਤ-ਸਮਰਥਿਤ ਸਮਝਦੇ ਸਨ। ਜਦੋਂ ਸ਼ੇਖ ਹਸੀਨਾ ਸੱਤਾ ਤੋਂ ਹਟ ਕੇ ਭਾਰਤ ਆਈ, ਤਾਂ ਇਸ ਘਟਨਾ ਨੇ ਭਾਰਤ–ਬੰਗਲਾਦੇਸ਼ ਸਬੰਧਾਂ ਬਾਰੇ ਕਈ ਸਵਾਲ ਖੜ੍ਹੇ ਕਰ ਦਿੱਤੇ।

ਇਸ ਨਾਲ ਬੰਗਲਾਦੇਸ਼ ਵਿੱਚ ਭਾਰਤ ਪ੍ਰਤੀ ਅਵਿਸ਼ਵਾਸ ਹੋਰ ਵਧ ਗਿਆ ਅਤੇ ਲੋਕਾਂ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਭਾਰਤ ਉਨ੍ਹਾਂ ਦੀ ਅੰਦਰੂਨੀ ਰਾਜਨੀਤੀ ਵਿੱਚ ਨਿਰਪੱਖ ਨਹੀਂ ਰਿਹਾ। ਦੂਜੇ ਪਾਸੇ, ਭਾਰਤ ਦੀ ਇਹ ਸੋਚ ਵੀ ਰਹੀ ਹੈ ਕਿ ਬੰਗਲਾਦੇਸ਼ ਨੇ 1971 ਦੀ ਆਜ਼ਾਦੀ ਦੀ ਲੜਾਈ ਵਿੱਚ ਭਾਰਤ ਦੇ ਯੋਗਦਾਨ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ। ਇਹ ਦੋਹਾਂ ਪੱਖਾਂ ਦੀਆਂ ਗਿਲੇ-ਸ਼ਿਕਵੇ ਸੰਬੰਧਾਂ ਨੂੰ ਹੋਰ ਜਟਿਲ ਬਣਾਉਂਦੇ ਗਏ।ਅੱਜ ਦੇ ਦੌਰ ਵਿੱਚ ਭਾਰਤ–ਬੰਗਲਾਦੇਸ਼ ਸਬੰਧ ਸਿਰਫ਼ ਸਰਕਾਰੀ ਪੱਧਰ ਤੱਕ ਸੀਮਿਤ ਨਹੀਂ ਰਹੇ। ਇਹ ਲੋਕਾਂ ਦੀ ਸੋਚ, ਭਾਵਨਾਵਾਂ ਅਤੇ ਭਰੋਸੇ ਨਾਲ ਜੁੜੇ ਹੋਏ ਹਨ। ਵੀਜ਼ਾ ਸੇਵਾਵਾਂ ਵਿੱਚ ਰੁਕਾਵਟ, ਤਿੱਖੇ ਬਿਆਨ ਅਤੇ ਕੂਟਨੀਤਿਕ ਤਣਾਅ ਇਸ ਗੱਲ ਦਾ ਸੰਕੇਤ ਹਨ ਕਿ ਸਬੰਧ ਇਕ ਨਾਜ਼ੁਕ ਮੋੜ 'ਤੇ ਖੜੇ ਹਨ। ਭਵਿੱਖ ਵਿੱਚ ਜੇ ਬੰਗਲਾਦੇਸ਼ ਵਿੱਚ ਨਵੀਂ ਸਰਕਾਰ ਬਣਦੀ ਹੈ ਤਾਂ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਦੀ ਦਿਸ਼ਾ ਬਦਲ ਸਕਦੀ ਹੈ।ਫਿਰ ਵੀ, ਦੋਹਾਂ ਦੇਸ਼ਾਂ ਦਾ ਸਾਂਝਾ ਇਤਿਹਾਸ,



ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ,ਬਠਿੰਡਾ।

ਸੱਭਿਆਚਾਰਕ ਨੇੜਤਾ ਅਤੇ ਆਰਥਿਕ ਸਹਿਯੋਗ ਇਹ ਦਰਸਾਉਂਦੇ ਹਨ ਕਿ ਰਿਸ਼ਤਿਆਂ ਨੂੰ ਸੁਧਾਰਨ ਦੀ ਸੰਭਾਵਨਾ ਅਜੇ ਵੀ ਮੌਜੂਦ ਹੈ। ਭਾਰਤ ਅਤੇ ਬੰਗਲਾਦੇਸ਼ ਲਈ ਲਾਜ਼ਮੀ ਹੈ ਕਿ ਉਹ ਇਕ-ਦੂਜੇ ਨੂੰ ਬਰਾਬਰੀ ਦੇ ਸਾਥੀ ਵਜੋਂ ਦੇਖਣ, ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਅਤੇ ਖੁੱਲ੍ਹੇ ਸੰਵਾਦ ਰਾਹੀਂ ਭਰੋਸਾ ਮੁੜ ਕਾਇਮ ਕਰਨ।ਜੇ ਦੋਹਾਂ ਦੇਸ਼ ਸਮਝਦਾਰੀ ਅਤੇ ਨਵੀਂ ਸੋਚ ਨਾਲ ਅੱਗੇ ਵਧਣ, ਤਾਂ ਭਾਰਤ–ਬੰਗਲਾਦੇਸ਼ ਦੇ ਸਬੰਧ ਮੁੜ ਮਜ਼ਬੂਤ ਹੋ ਸਕਦੇ ਹਨ ਅਤੇ ਦੱਖਣੀ ਏਸ਼ੀਆ ਵਿੱਚ ਅਮਨ ਅਤੇ ਸਥਿਰਤਾ ਲਈ ਇਕ ਵਧੀਆ ਮਿਸਾਲ ਬਣ ਸਕਦੇ ਹਨ।

# ਕੈਬਨਿਟ ਸਬ ਕਮੇਟੀ ਵੱਲੋ ਜੁਆਇੰਟ ਐਕਸ਼ਨ ਕਮੇਟੀ ਨੂੰ 12 ਜਨਵਰੀ 2026 ਨੂੰ ਮੀਟਿੰਗ ਸੱਦਾ

## ਸਰਕਾਰ ਦੀ ਪਹਿਲਕਦਮੀ ਨੂੰ ਮੁੱਖ ਰੱਖਦਿਆਂ 04.01.2026 ਦੇ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਉ ਦਾ ਐਕਸ਼ਨ ਮੁਲਤਵੀ- ਜਸਵੀਰ ਸਿੰਘ ਪਾਲ

"Equality and justice" Patiala 04 January
INTERNATIONAL PAPER, 94636 01616
hardipchumber57@gmail.com



27 ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਦੀਆਂ ਮੁਲਾਜਮ ਅਤੇ ਸਮਾਜਿਕ ਜਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਦੇ 25 ਮੈਬਰੀ ਵਫਦ ਨੂੰ ਕੈਬਨਿਟ ਸਬ ਕਮੇਟੀ ਵੱਲੋ 12 ਜਨਵਰੀ 2026 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਅਜੰਡੇ ਉੱਤੇ ਗੱਲਬਾਤ ਕਰਨ ਦਾ ਸੱਦਾ ਪੱਤਰ ਨੰ:-ਮੀਮੋ ਨੰ-11/16/2024-ਜੀ ਸੀ5/1430 ਮਿਤੀ 30-12-2025 ਦਿੱਤਾ ਗਿਆ ਹੈ।

ਸਰਕਾਰ ਵੱਲੋ ਦਿੱਤੇ ਸੱਦੇ ਤੇ ਵਿਚਾਰ ਕਰਨ ਲਈ ਜੁਆਇੰਟ ਐਕਸ਼ਨ ਕਮੇਟੀ ਆਫ 27 ਐਸ.ਸੀ/ਬੀ.ਸੀ ਇੰਪਲਾਇਜ਼ ਐਂਡ ਸੋਸ਼ਲ ਆਰਗੇਨਾਈਜੇਸ਼ਨਜ਼ ਪੰਜਾਬ ਦੀ ਮੀਟਿੰਗ ਸਟੇਟ ਕੋਆਰਡੀਨੇਟਰ ਸ. ਜਸਬੀਰ ਸਿੰਘ ਪਾਲ ਜੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸਰਕਾਰ ਵੱਲੋ 12 ਜਨਵਰੀ 2026 ਨੂੰ ਗੱਲਬਾਤ ਲਈ ਦਿੱਤੇ ਸੱਦਾ ਪੱਤਰ ਤੇ ਗੰਭੀਰ ਵਿਚਾਰ ਵਟਾਂਦਰਾ ਕਰਨ ਉਪਰੰਤ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜੁਅਇੰਟ ਐਕਸ਼ਨ ਕਮੇਟੀ ਵੱਲੋ 4 ਜਨਵਰੀ 2026 ਨੂੰ ਸੰਗਰੂਰ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ ਨੂੰ ਘੇਰਨ ਦਾ ਐਕਸ਼ਨ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਜਾਵੇ। ਜੇਕਰ ਮੀਟਿੰਗ ਵਿੱਚ ਸਰਕਾਰ ਵੱਲੋ ਗੈਂਟਾ ਰਿਪੋਰਟ ਲਾਗੂ ਨਾਂ ਕੀਤੀ ਗਈ ਤਾਂ ਮੀਟਿੰਗ ਦਾ ਬਾਈਕਾਟ ਕਰਕੇ ਉਸੇ ਸਮੇ ਹੀ ਅਗਲੇ ਐਕਸ਼ਨ ਦਾ ਐਲਾਨ ਕਰ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਜਸਬੀਰ ਸਿੰਘ ਪਾਲ, ਹਰਵਿੰਦਰ ਸਿੰਘ ਮੰਡੇਰ, ਰਾਜ ਸਿੰਘ ਟੋਡਰਵਾਲ, ਬਲਦੇਵ ਭਾਰਤੀ, ਹਰਜਸ ਸਿੰਘ, ਕੁਲਵਿੰਦਰ ਸਿੰਘ ਬੋਦਲ, ਕਰਨੈਲ ਸਿੰਘ ਨੀਲੋਵਾਲ, ਬਲਰਾਜ ਕੁਮਾਰ, ਅਮਰਜੀਤ ਸਿੰਘ ਖਟਕੜ, ਬਲਦੇਵ ਸਿੰਘ ਧੱਗਾ, ਗੁਰਪ੍ਰੀਤ ਸਿੰਘ ਸੁਨਾਮ, ਕਰਮਜੀਤ ਸਿੰਘ, ਜੱਗਾ ਸਿੰਘ, ਮਨੋਹਰ ਲਾਲ, ਲਛਮਣ ਸਿੰਘ, ਕੁਲਦੀਪ ਸਿੰਘ,ਸਤਵੰਤ ਸਿੰਘ ਤੂਰਾ, ਪਰਮਜੀਤ ਸਿੰਘ, ਸਲਵਿੰਦਰ ਜੱਸੀ, ਸੁੱਖਵਿੰਦਰ ਕਾਲੀ, ਕ੍ਰਿਸ਼ਨ ਲਾਲ, ਦਵਿੰਦਰ ਸਿੰਘ, ਸੁਭਾਸ਼ ਚੰਦਰ, ਠਾਕਰ ਦਾਸ, ਬਲਵੰਤ ਸਿੰਘ, ਭੁਪਿੰਦਰ ਸਿੰਘ,ਮਹਿੰਦਰ ਸਿੰਘ ਗੋਬਿੰਦਗੜ੍ਹ, ਬੰਟੀ ਨਾਗਲਾ, ਰਿੰਕੂ ਧੂਰੀ, ਰੋਸ਼ਨ ਲਾਲ, ਅਜਾਇਬ ਸਿੰਘ ਬਠੋਈ, ਹਰਵਿੰਦਰ ਸਿੰਘ ਭੱਠਲ, ਮੱਖਣ ਰਤੂ, ਅਜਾਇਬ ਸਿੰਘ ਨੀਲੋਵਾਲ, ਗੁਰਜਿੰਦਰ ਪਾਲ ਸਿੰਘ, ਮਨਿੰਦਰ ਸਿੰਘ, ਰਵਿੰਦਰ ਸਿੰਘ ਲਾਲੀ, ਰਾਮ ਲੁਭਾਇਆ ਕਲਸੀ, ਗੁਰਜੰਟ ਸਿੰਘ ਮਾਨਸਾ ਆਦਿ ਸੂਬਾਈ ਆਗੂ ਹਾਜ਼ਰ ਸਨ। ਕਾਰਵਾਈ ਸੰਬੰਧੀ ਜਾਣਕਾਰੀ ਮੀਡੀਆ ਇੰਚਾਰਜ ਬਲਦੇਵ ਭਾਰਤੀ ਅਤੇ ਅਜਾਇਬ ਸਿੰਘ ਨੀਲੋਵਾਲ ਨੇ ਪ੍ਰੈੱਸ ਨੋਟ ਰਾਹੀ ਦਿਤੀ।

# ਜ਼ਿਲ੍ਹਾ ਆਯੁਰਵੇਦ ਵਿਭਾਗ ਨੇ ਨਵੇਂ ਸਾਲ ਦੇ ਮੌਕੇ 'ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਨਵੇਂ ਸਾਲ ਦੇ ਸ਼ੁੱਭ ਮੌਕੇ 'ਤੇ ਜ਼ਿਲ੍ਹਾ ਆਯੁਰਵੇਦ ਅਤੇ ਯੂਨਾਨੀ ਵਿਭਾਗ, ਹੁਸ਼ਿਆਰਪੁਰ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿਚ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਨਵੇਂ ਸਾਲ ਵਿੱਚ ਖੁਸ਼ੀ, ਖੁਸ਼ਹਾਲੀ, ਸ਼ਾਂਤੀ ਅਤੇ ਲੋਕ ਭਲਾਈ ਦੀ ਕਾਮਨਾ ਕਰਨਾ ਸੀ। ਇਸ ਮੌਕੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਅਤੇ ਸਬ-ਡਵੀਜ਼ਨਲ ਮੈਜਿਸਟ੍ਰੇਟ ਗੁਰਸਿਮਰਨਜੀਤ ਕੌਰ ਨੇ ਵੀ ਹਾਜ਼ਰੀ ਭਰੀ ਅਤੇ ਜ਼ਿਲ੍ਹੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਆਯੁਰਵੇਦ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਅਧਿਆਤਮਿਕ ਸਮਾਗਮ ਆਪਸੀ ਭਾਈਚਾਰਾ ਅਤੇ ਸਕਾਰਾਤਮਕ ਸੋਚ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ ਜ਼ਿਲ੍ਹਾ ਆਯੁਰਵੇਦ ਅਤੇ ਯੂਨਾਨੀ ਅਫ਼ਸਰ ਡਾ. ਸੁਰਿੰਦਰਪਾਲ ਕੌਰ, ਜ਼ਿਲ੍ਹਾ ਪ੍ਰਧਾਨ-ਕਮ-ਨੋਡਲ ਅਫ਼ਸਰ ਡਾ. ਹਰੀਸ਼ ਭਾਟੀਆ, ਡਾ. ਪ੍ਰਦੀਪ ਅਰੋੜਾ, ਡਾ. ਸ਼ਿਵਦੀਪ, ਡਾ. ਹਰਦੀਪ, ਡਾ. ਕਰੁਣਾ, ਡਾ. ਕਾਮਿਨੀ, ਡਾ. ਰੁਪਿੰਦਰਪ੍ਰੀਤ, ਡਾ. ਰਬਜੋਤ, ਡਾ. ਗਗਨਦੀਪ, ਸੁਪਰਡੈਂਟ ਦਲਜੀਤ ਕੌਰ, ਮਨੂ ਬਾਂਸਲ, ਸੌਰਭ ਸ਼ਰਮਾ ਸਮੇਤ ਕਈ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ। ਇਸ ਤੋਂ ਇਲਾਵਾ ਸਾਬਕਾ ਜ਼ਿਲ੍ਹਾ ਮੈਜਿਸਟ੍ਰੇਟ ਡਾ. ਭੁਪਿੰਦਰ ਕੌਰ, ਡੀ.ਐਸ.ਪੀ ਸੀ.ਆਈ.ਡੀ ਸੰਜੀਵ ਕੁਮਾਰ, ਸੰਦੀਪ ਨੰਦਾ, ਜਗਜੀਤ ਸਿੰਘ ਅਤੇ ਹੋਰ ਪਤਵੰਤਿਆਂ ਨੇ ਵੀ ਪ੍ਰੋਗਰਾਮ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਵਿਧਾਇਕ ਜਿੰਪਾ ਵੱਲੋਂ ਬੱਸੀ ਗ਼ੁਲਾਮ ਹੁਸੈਨ 'ਚ 10 ਲੱਖ ਰੁਪਏ ਦੀ ਲਾਗਤ ਨਾਲ ਟਿਊਬਵੈੱਲ ਕਾਰਜ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਜਨਵਰੀ
INTERNATIONAL PAPER, 94636 01616
hardipchumber57@gmail.com



